


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Wednesday 15 April, 2026 | website: www.cee7news.com

## ਪੰਜਾਬ ਵਿਚ ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ ਰਜਿਸਟ੍ਰੇਸ਼ਨ



ਇਸ ਯੋਜਨਾ ਰਾਹੀਂ ਸੂਬੇ ਦੀਆਂ ਲਗਭਗ 90 ਲੱਖ ਮਹਿਲਾਵਾਂ ਨੂੰ ਮਹੀਨਾਵਾਰ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਜਨਰਲ ਸ਼੍ਰੇਣੀ ਦੀਆਂ ਔਰਤਾਂ ਨੂੰ 1000 ਰੁਪਏ ਅਤੇ ਦਲਿਤ (ਐੱਸ.ਸੀ.) ਪਰਿਵਾਰਾਂ ਦੀਆਂ ਔਰਤਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਮਿਲਣਗੇ। ਇਹ ਰਕਮ ਸਿੱਧੀ ਉਨ੍ਹਾਂ ਦੇ ਬੈਂਕ ਖਾਤਿਆਂ ਵਿਚ ਟ੍ਰਾਂਸਫਰ ਹੋਵੇਗੀ।

ਇਸ ਯੋਜਨਾ ਦਾ ਐਲਾਨ ਇਸ ਸਾਲ 8 ਮਾਰਚ ਨੂੰ ਬਜਟ ਵਿਚ ਕੀਤਾ ਗਿਆ ਸੀ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਸ ਨੂੰ ਮਹਿਲਾਵਾਂ ਲਈ ਵੱਡੀ ਗਰੰਟੀ ਦੱਸਿਆ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਆਦਮਪੁਰ ਵਿਖੇ ਇਸ ਯੋਜਨਾ ਦੀ ਰਸਮੀ ਸ਼ੁਰੂਆਤ ਕਰਨੀ ਹੈ। ਉਨ੍ਹਾਂ ਕਿਹਾ ਕਿ ਇਹ ਰਕਮ ਗਰੀਬ ਪਰਿਵਾਰਾਂ ਲਈ ਬਹੁਤ ਮਹੱਤਵਪੂਰਨ ਹੈ ਅਤੇ ਇਸ ਨਾਲ ਮਾਵਾਂ ਤੇ ਧੀਆਂ ਦੇ ਚਿਹਰਿਆਂ ਤੇ ਖੁਸ਼ੀ ਆਵੇਗੀ। ਇਸ ਯੋਜਨਾ ਲਈ ਬਜਟ ਵਿਚ 9300 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ।ਅੱਜ ਤੋਂ ਇਸ ਯੋਜਨਾ ਦਾ ਪਾਇਲਟ ਪ੍ਰੋਜੈਕਟ 9 ਵਿਧਾਨ ਸਭਾ ਹਲਕਿਆਂ ਵਿਚ ਸ਼ੁਰੂ ਹੋ ਰਿਹਾ ਹੈ। ਇਨ੍ਹਾਂ ਹਲਕਿਆਂ ਵਿਚ ਰਜਿਸਟ੍ਰੇਸ਼ਨ ਤੇਜ਼ੀ ਨਾਲ ਹੋਵੇਗੀ ਤਾਂ ਜੋ ਅਨੁਭਵ ਲਿਆ ਜਾ ਸਕੇ। ਬਾਕੀ ਰਹਿੰਦੇ 108 ਵਿਧਾਨ ਸਭਾ ਹਲਕਿਆਂ ਵਿਚ ਰਜਿਸਟ੍ਰੇਸ਼ਨ 15 ਮਈ ਤੋਂ ਸ਼ੁਰੂ ਹੋਵੇਗੀ। ਸਰਕਾਰ ਦਾ ਟੀਚਾ ਹੈ ਕਿ ਜੁਲਾਈ ਮਹੀਨੇ ਤੋਂ ਲਾਭਪਾਤਰੀਆਂ ਨੂੰ ਰਾਸ਼ੀ ਮਿਲਣੀ ਸ਼ੁਰੂ ਹੋ ਜਾਵੇ।

## Ceen7News ਬਿਹਾਰ ਦੀ ਸਿਆਸਤ ਵਿੱਚ ਵੱਡਾ ਉਲਟਫੇਰ ਨੀਤੀਸ਼ ਕੁਮਾਰ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਦਿੱਤਾ ਅਸਤੀਫਾ

### ਬਿਹਾਰ ਨੂੰ ਮਿਲਿਆ ਨਵਾਂ ਮੁੱਖ ਮੰਤਰੀ ਸਮਰਾਟ ਚੌਧਰੀ ਦੇ ਨਾਮ ਉੱਤੇ ਲੱਗੀ ਅੰਤਿਮ ਮੋਹਰ

ਬਿਹਾਰ ਦੀ ਰਾਜਨੀਤੀ ਵਿਚ ਇੱਕ ਵੱਡਾ ਤਬਦੀਲੀ ਵਾਪਰ ਗਿਆ ਹੈ। ਲੰਬੇ ਸਮੇਂ ਤੋਂ ਬਿਹਾਰ ਦੀ ਬਾਗਡੋਰ ਸੰਭਾਲ ਰਹੇ ਨੀਤੀਸ਼ ਕੁਮਾਰ ਨੇ ਅੱਜ ਆਪਣੇ ਮੁੱਖ ਮੰਤਰੀ ਦੇ ਅਹੁਦੇ ਤੋਂ ਇਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਨੇ ਰਾਜਪਾਲ ਨੂੰ ਆਪਣਾ ਇਸਤੀਫ਼ਾ ਸੌਂਪਿਆ ਅਤੇ ਕੈਬਨਿਟ ਦੀ ਭੰਗ ਕਰਨ ਦੀ ਸਿਫ਼ਾਰਸ਼ ਵੀ ਕੀਤੀ ਹੈ। ਨੀਤੀਸ਼ ਕੁਮਾਰ ਹੁਣ ਰਾਜ ਸਭਾ ਮੈਂਬਰ ਵਜੋਂ ਨਵੀਂ ਯਾਤਰਾ ਸ਼ੁਰੂ ਕਰਨ ਵਾਲੇ ਹਨ। ਇਸ ਖਾਲੀ ਥਾਂ ਨੂੰ ਭਰਨ ਲਈ ਭਾਜਪਾ ਵੱਲੋਂ ਸਮਰਾਟ ਚੌਧਰੀ ਨੂੰ ਚੁਣਿਆ ਗਿਆ ਹੈ। ਉਹ ਬਿਹਾਰ ਦੇ ਨਵੇਂ ਮੁੱਖ ਮੰਤਰੀ ਬਣਨਗੇ। ਇਹ ਬਿਹਾਰ ਦੀ ਇਤਿਹਾਸਕ ਘਟਨਾ ਹੈ ਕਿਉਂਕਿ ਪਹਿਲੀ ਵਾਰ ਭਾਜਪਾ ਦਾ ਕੋਈ ਆਗੂ ਬਿਹਾਰ ਦਾ ਮੁੱਖ ਮੰਤਰੀ ਬਣ ਰਿਹਾ ਹੈ।

ਸਮਰਾਟ ਚੌਧਰੀ ਇਸ ਤੋਂ ਪਹਿਲਾਂ ਬਿਹਾਰ ਦੇ ਉਪ ਮੁੱਖ ਮੰਤਰੀ ਵਜੋਂ ਸੇਵਾ ਨਿਭਾ ਰਹੇ ਸਨ। ਉਨ੍ਹਾਂ ਦਾ ਅਸਲ ਨਾਮ ਰਾਕੇਸ਼ ਕੁਮਾਰ ਵੀ ਹੈ ਅਤੇ ਉਹ 16 ਨਵੰਬਰ 1968 ਨੂੰ ਮੁੰਗੇਰ ਜ਼ਿਲ੍ਹੇ ਦੇ ਲਖਨਪੁਰ ਵਿਚ ਪੈਦਾ ਹੋਏ ਸਨ। ਉਹ ਭਾਜਪਾ ਦੇ ਇੱਕ ਅਨੁਭਵੀ ਆਗੂ ਹਨ ਅਤੇ ਓਬੀਸੀ ਭਾਈਚਾਰੇ ਤੋਂ ਆਉਂਦੇ ਹਨ। ਖਾਸ ਤੌਰ ਤੇ ਉਹ ਕੋਇਰੀ ਭਾਈਚਾਰੇ ਨਾਲ ਜੁੜੇ ਹੋਏ ਹਨ। ਉਨ੍ਹਾਂ ਨੇ ਬਿਹਾਰ ਵਿਧਾਨ ਸਭਾ ਵਿਚ ਦੋ ਵਾਰ ਵਿਧਾਇਕ ਵਜੋਂ ਸੇਵਾ ਨਿਭਾਈ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਭਾਜਪਾ ਬਿਹਾਰ ਯੂਨਿਟ ਦੇ ਪ੍ਰਧਾਨ ਵਜੋਂ ਵੀ ਆਪਣੀ ਭੂਮਿਕਾ ਨਿਭਾਈ ਹੈ। ਉਨ੍ਹਾਂ ਨੂੰ ਵਿਤ, ਸ਼ਹਿਰੀ ਵਿਕਾਸ, ਸਿਹਤ, ਪੰਚਾਇਤੀ ਰਾਜ, ਉਦਯੋਗ ਅਤੇ ਵਪਾਰਿਕ ਟੈਕਸ ਵਰਗੀਆਂ ਮਹੱਤਵਪੂਰਨ ਵਿਭਾਗਾਂ ਦੀ ਜ਼ਿਮੇਵਾਰੀ ਸੌਂਪੀ ਗਈ ਸੀ।

ਅੱਜ ਭਾਜਪਾ ਵਿਧਾਇਕ ਦਲ ਦੀ ਬੈਠਕ ਵਿਚ ਸਮਰਾਟ ਚੌਧਰੀ ਨੂੰ ਆਪਣਾ ਆਗੂ ਚੁਣ ਲਿਆ ਗਿਆ। ਉਨ੍ਹਾਂ ਦਾ ਨਾਮ ਵਿਜੇ ਸਿਨਹਾ ਵੱਲੋਂ ਤਜਵੀਜ਼ ਕੀਤਾ ਗਿਆ ਸੀ। ਇਸ ਤੋਂ ਬਾਅਦ ਐਨਡੀਏ ਵਿਧਾਇਕਾਂ ਦੀ ਇੱਕ ਬੈਠਕ ਵੀ ਰਾਤ ਨੂੰ ਹੋਣ ਵਾਲੀ ਹੈ ਜਿਸ ਵਿਚ ਨਵੀਂ ਸਰਕਾਰ ਬਣਾਉਣ ਲਈ ਰਣਨੀਤੀ ਤਿਆਰ ਕੀਤੀ ਜਾਵੇਗੀ। ਸਮਰਾਟ ਚੌਧਰੀ ਅਗਲੇ ਦਿਨ ਯਾਨੀ 15 ਅਪ੍ਰੈਲ 2026 ਨੂੰ ਸਵੇਰੇ 11 ਵਜੇ ਰਾਜਪਾਲ ਤੋਂ ਸਹੁੰ ਚੁੱਕਣਗੇ। ਇਸ ਤੋਂ ਪਹਿਲਾਂ ਉਹ ਰਾਜਪਾਲ ਨਾਲ ਮੁਲਾਕਾਤ ਕਰਨਗੇ ਅਤੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰਨਗੇ।

ਸਮਰਾਟ ਚੌਧਰੀ ਨੇ ਭਾਜਪਾ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ 'ਵਿਕਸਿਤ ਬਿਹਾਰ' ਦੇ ਸੁਪਨੇ ਨੂੰ ਪੂਰਾ ਕਰਨ ਲਈ ਪੂਰੀ ਤਾਕਤ ਨਾਲ ਕੰਮ ਕਰਨਗੇ। ਉਨ੍ਹਾਂ ਦਾ ਇਹ ਬਿਆਨ ਬਿਹਾਰ ਵਾਸੀਆਂ ਲਈ ਉਮੀਦ ਭਰਪੂਰ ਹੈ। ਬਿਹਾਰ ਵਿਚ ਲੰਬੇ ਸਮੇਂ ਤੋਂ ਚੱਲ ਰਹੀ ਰਾਜਨੀਤਿਕ ਅਸਥਿਰਤਾ ਤੋਂ ਬਾਅਦ ਇਹ ਤਬਦੀਲੀ ਇੱਕ ਨਵੀਂ ਸ਼ੁਰੂਆਤ ਵਜੋਂ ਦੇਖੀ ਜਾ ਰਹੀ ਹੈ। ਨੀਤੀਸ਼ ਕੁਮਾਰ ਬਿਹਾਰ ਦੇ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਨਿਭਾਉਣ ਵਾਲੇ ਮੁੱਖ ਮੰਤਰੀ ਰਹੇ ਹਨ। ਉਨ੍ਹਾਂ ਨੇ ਕਈ ਵਾਰ ਗਠਜੋੜ ਬਦਲੇ ਅਤੇ ਰਾਜ ਵਿਚ ਵਿਕਾਸ ਲਈ ਯਤਨ ਕੀਤੇ।



ਬਿਹਾਰ ਵਿਚ ਭਾਜਪਾ ਨੇ ਇਸ ਤੋਂ ਪਹਿਲਾਂ ਕਦੇ ਵੀ ਮੁੱਖ ਮੰਤਰੀ ਨਹੀਂ ਦਿੱਤਾ ਸੀ। ਇਸ ਲਈ ਇਸ ਘਟਨਾ ਨੂੰ ਭਾਜਪਾ ਲਈ ਵੀ ਇੱਕ ਵੱਡੀ ਜਿੱਤ ਮੰਨਿਆ ਜਾ ਰਿਹਾ ਹੈ। ਸਮਰਾਟ ਚੌਧਰੀ ਨੇ ਆਪਣੀ ਰਾਜਨੀਤਿਕ ਯਾਤਰਾ ਵਿਚ ਕਈ ਚੁਣੌਤੀਆਂ ਦਾ ਸਾਹਮਣਾ ਕੀਤਾ ਹੈ। ਉਨ੍ਹਾਂ ਨੇ ਇੱਕ ਵਾਰ ਨੀਤੀਸ਼ ਕੁਮਾਰ ਵਿਰੋਧ ਵਿਚ ਟਰਬਨ ਪਾਉਣ ਦਾ ਵਾਅਦਾ ਵੀ ਕੀਤਾ ਸੀ ਪਰ ਬਾਅਦ ਵਿਚ ਗਠਜੋੜ ਬਣਨ ਤੋਂ ਬਾਅਦ ਉਸ ਨੂੰ ਉਤਾਰ ਦਿੱਤਾ ਗਿਆ। ਉਨ੍ਹਾਂ ਦੀ ਗਰਾਊਂਡ ਲੈਵਲ ਤੇ ਮਜ਼ਬੂਤ ਪਕੜ ਅਤੇ ਸੰਸਥਾਗਤ ਯੋਗਤਾ ਉਨ੍ਹਾਂ ਨੂੰ ਇਸ ਅਹੁਦੇ ਲਈ ਯੋਗ ਬਣਾਉਂਦੀ ਹੈ।

ਇਸ ਤਬਦੀਲੀ ਤੋਂ ਬਾਅਦ ਬਿਹਾਰ ਵਿਚ ਵਿਕਾਸ ਦੀ ਨਵੀਂ ਲਹਿਰ ਆਉਣ ਦੀ ਉਮੀਦ ਹੈ। ਨਵੀਂ ਸਰਕਾਰ ਦਾ ਟੀਚਾ 'ਵਿਕਸਿਤ ਬਿਹਾਰ' ਬਣਾਉਣਾ ਹੈ। ਇਸ ਲਈ ਰੋਜ਼ਗਾਰ, ਸਿਹਤ, ਸਿੱਖਿਆ, ਬੁਨਿਆਦੀ ਢਾਂਚਾ ਅਤੇ ਖੇਤੀਬਾੜੀ ਵਰਗੇ ਖੇਤਰਾਂ ਵਿਚ ਤੇਜ਼ ਤਰੱਕੀ ਲਿਆਉਣ ਦੀ ਯੋਜਨਾ ਹੈ। ਐਨਡੀਏ ਵਿਧਾਇਕਾਂ ਦੀ ਬੈਠਕ ਵਿਚ ਇਸ ਬਾਰੇ ਵਿਸਥਾਰ ਨਾਲ ਚਰਚਾ ਹੋਵੇਗੀ। ਬਿਹਾਰ ਵਾਸੀ ਇਸ ਨਵੀਂ ਸਰਕਾਰ ਤੋਂ ਬਹੁਤ ਉਮੀਦਾਂ ਲਗਾਏ ਬੈਠੇ ਹਨ। ਉਨ੍ਹਾਂ ਨੂੰ ਆਸ ਹੈ ਕਿ ਨਵਾਂ ਮੁੱਖ ਮੰਤਰੀ ਰਾਜ ਵਿਚ ਸਥਿਰਤਾ ਲਿਆਵੇਗਾ ਅਤੇ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਵੇਗਾ।

ਇਸ ਤੋਂ ਇਲਾਵਾ ਰਾਜ ਵਿਚ ਭਾਜਪਾ ਦੀ ਵਧਦੀ ਲੋਕਪ੍ਰਿਯਤਾ ਵੀ ਇਸ ਫੈਸਲੇ ਪਿੱਛੇ ਇੱਕ ਵੱਡਾ ਕਾਰਨ ਹੈ। ਬਿਹਾਰ ਵਿਧਾਨ ਸਭਾ ਵਿਚ ਭਾਜਪਾ ਦੀ ਮਜ਼ਬੂਤ ਬਹੁਮਤੀ ਨੇ ਇਸ ਤਬਦੀਲੀ ਨੂੰ ਸੰਭਵ ਬਣਾਇਆ ਹੈ। ਸਮਰਾਟ ਚੌਧਰੀ ਨੇ ਆਪਣੀ ਡਿਪਟੀ ਸੀਐੱਮ ਵਜੋਂ ਸੇਵਾ ਦੌਰਾਨ ਰਾਜ ਵਿਚ ਕਈ ਯੋਜਨਾਵਾਂ ਨੂੰ ਲਾਗੂ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਨ੍ਹਾਂ ਦੀ ਲੀਡਰਸ਼ਿਪ ਵਿਚ ਬਿਹਾਰ ਹੋਰ ਤਰੱਕੀ ਕਰੇਗਾ ਇਸ ਵਿਚ ਕੋਈ ਸ਼ੱਕ ਨਹੀਂ।

## ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਖਾਲਸਾ ਸਾਜਨਾ ਦਿਵਸ ਤੇ ਵਧਾਈਆਂ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਪਾਵਨ ਤਿਉਹਾਰ ਮੌਕੇ ਸਮੂਹ ਸਿੱਖ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਵੱਲੋਂ ਸਾਜਿਆ ਖਾਲਸਾ ਪੰਥ ਸਾਨੂੰ ਹੱਕ ਅਤੇ ਸੱਚ ਉੱਤੇ ਪਹਿਰਾ ਦੇਣ ਦੀ ਪ੍ਰੇਰਨਾ ਦਿੰਦਾ ਹੈ। ਇਸ ਐਤਿਹਾਸਿਕ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਵਿੱਚ ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਸੀ। ਇਸ ਨਾਲ ਸਿੱਖ ਇਤਿਹਾਸ ਵਿੱਚ ਇੱਕ ਨਵੀਂ ਲਹਿਰ ਆਈ ਅਤੇ ਖਾਲਸਾ ਪੰਥ ਨੇ ਅਨਿਆਏ ਖਿਲਾਫ ਲੜਾਈ ਲਈ ਮਜਬੂਤ ਬਣਾਇਆ।

ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਸੰਦੇਸ਼ ਵਿੱਚ ਕਿਹਾ, "ਖਾਲਸਾ ਸਾਜਨਾ ਦਿਵਸ ਅਤੇ ਕੌਮੀ ਤਿਉਹਾਰ ਵਿਸਾਖੀ ਤੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। ਗੁਰੂ ਸਾਹਿਬ ਵੱਲੋਂ ਸਾਜਿਆ ਖਾਲਸਾ ਪੰਥ ਸਾਨੂੰ ਹੱਕ-ਸੱਚ ਉੱਤੇ ਖੜ੍ਹੇ ਰਹਿਣ ਅਤੇ ਅਨਿਆਏ ਖਿਲਾਫ ਆਵਾਜ਼ ਬੁਲੰਦ ਕਰਨ ਦੀ ਪ੍ਰੇਰਨਾ ਦਿੰਦਾ ਹੈ। ਇਸ ਤਿਉਹਾਰ ਰਾਹੀਂ ਅਸੀਂ ਗੁਰੂ ਜੀ ਦੀਆਂ ਸਿਖਿਆਵਾਂ ਨੂੰ ਅਪਣਾਉਂਦੇ ਹੋਏ ਇੱਕਜੁੱਟਤਾ ਅਤੇ ਭਾਈਚਾਰੇ ਨਾਲ ਅੱਗੇ ਵਧੀਏ।"

ਖਾਲਸਾ ਸਾਜਨਾ ਦਿਵਸ ਸਿੱਖ ਇਤਿਹਾਸ ਦਾ ਇੱਕ ਮਹੱਤਵਪੂਰਨ ਦਿਨ ਹੈ। ਇਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਅਤੇ ਖਾਲਸਾ ਪੰਥ ਦੀ ਨੀਂਹ ਰੱਖੀ। ਇਸ ਨਾਲ ਸਿੱਖ ਧਰਮ ਵਿੱਚ ਨਵੀਂ ਊਰਜਾ ਆਈ ਅਤੇ ਲੋਕਾਂ ਨੂੰ ਤਿਆਗ, ਬਹਾਦਰੀ ਅਤੇ ਇਨਸਾਫ਼ ਦਾ ਸੰਦੇਸ਼ ਮਿਲਿਆ। ਖਾਲਸਾ ਪੰਥ ਨੇ ਹਮੇਸ਼ਾ ਹੱਕ ਲਈ ਲੜਾਈ ਲੜੀ ਅਤੇ ਮਜ਼ਲੂਮਾਂ ਦੀ ਰੱਖਿਆ ਕੀਤੀ। ਇਸ ਤਿਉਹਾਰ ਤੇ ਗੁਰਦੁਆਰਿਆਂ ਵਿੱਚ ਵਿਸ਼ਾਲ ਸੰਗਤਾਂ ਇਕੱਠੀਆਂ ਹੁੰਦੀਆਂ ਹਨ। ਨਗਰ ਕੀਰਤਨਾਂ ਅਤੇ ਲੰਗਰਾਂ ਦਾ ਆਯੋਜਨ ਹੁੰਦਾ ਹੈ। ਲੋਕ ਇੱਕ ਦੂਜੇ ਨੂੰ ਵਧਾਈਆਂ ਦਿੰਦੇ ਹਨ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਜੀਵਨ ਬਤੀਤ ਕਰਨ ਦਾ ਸੰਕਲਪ ਲੈਂਦੇ ਹਨ।




### ਕੱਚੇ ਤੇਲ ਦੀਆਂ ਲਗਾਤਾਰ ਵਧਦੀਆਂ ਕੀਮਤਾਂ


## ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਜਲਦੀ ਵਧਣਗੀਆਂ

ਕੱਚੇ ਤੇਲ ਦੀਆਂ ਲਗਾਤਾਰ ਵਧਦੀਆਂ ਕੀਮਤਾਂ ਕਾਰਨ ਭਾਰਤ ਵਿਚ ਪੈਟਰੋਲ ਅਤੇ ਡੀਜ਼ਲ ਦੀਆਂ ਰਿਟੇਲ ਕੀਮਤਾਂ ਜਲਦੀ ਵਧਣ ਦੀ ਸੰਭਾਵਨਾ ਹੈ। ਵਿਦੇਸ਼ੀ ਬਰੋਕਰੇਜ ਫਰਮ ਮੈਕਵੇਰੀ ਦੀ ਇੱਕ ਰਿਪੋਰਟ ਅਨੁਸਾਰ ਤੇਲ ਕੰਪਨੀਆਂ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ ਅਤੇ ਇਸ ਨੂੰ ਘਟਾਉਣ ਲਈ ਚੋਣਾਂ ਤੋਂ ਬਾਅਦ ਕੀਮਤਾਂ ਵਧਾਈਆਂ ਜਾ ਸਕਦੀਆਂ ਹਨ। ਇਸ ਨਾਲ ਆਮ ਲੋਕਾਂ ਉੱਤੇ ਮਹਿੰਗਾਈ ਦਾ ਵਾਧੂ ਬੋਝ ਪੈ ਸਕਦਾ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੱਚੇ ਤੇਲ ਦੀਆਂ ਉੱਚੀਆਂ ਕੀਮਤਾਂ ਦੇ ਬਾਵਜੂਦ ਭਾਰਤ ਵਿਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਲੰਬੇ ਸਮੇਂ ਤੋਂ ਸਥਿਰ ਰੱਖੀਆਂ ਗਈਆਂ ਹਨ। ਇਸ ਕਾਰਨ ਤੇਲ ਮਾਰਕੀਟਿੰਗ ਕੰਪਨੀਆਂ ਨੂੰ ਭਾਰੀ ਘਾਟਾ ਹੋ ਰਿਹਾ ਹੈ। ਪੈਟਰੋਲ ਉੱਤੇ ਪ੍ਰਤੀ ਲਿਟਰ ਲਗਭਗ 18 ਰੁਪਏ ਅਤੇ ਡੀਜ਼ਲ ਉੱਤੇ 35 ਰੁਪਏ ਤੱਕ ਦਾ ਨੁਕਸਾਨ ਹੋ ਰਿਹਾ ਹੈ। ਪਿਛਲੇ ਮਹੀਨੇ ਇਹ ਨੁਕਸਾਨ ਰੋਜ਼ਾਨਾ 2400 ਕਰੋੜ ਰੁਪਏ ਤੱਕ ਪਹੁੰਚ ਗਿਆ ਸੀ। ਐਕਸਾਈਜ਼ ਡਿਊਟੀ ਵਿਚ 10 ਰੁਪਏ ਦੀ ਕਟੌਤੀ ਤੋਂ ਬਾਅਦ ਵੀ ਇਹ ਘਾਟਾ 1600 ਕਰੋੜ ਰੁਪਏ ਰਹਿ ਗਿਆ ਹੈ।ਸੂਤਰਾਂ ਅਨੁਸਾਰ ਤੇਲ ਕੰਪਨੀਆਂ ਪੱਛਮੀ ਬੰਗਾਲ ਸਮੇਤ ਪੰਜ ਰਾਜਾਂ ਵਿਚ ਚੋਣਾਂ ਖਤਮ ਹੋਣ ਤੋਂ ਬਾਅਦ ਕੀਮਤਾਂ ਵਧਾਉਣ ਦੀ ਤਿਆਰੀ ਕਰ ਰਹੀਆਂ ਹਨ। ਇਸ ਤੋਂ ਪਹਿਲਾਂ ਵੀ ਇਸ ਤਰ੍ਹਾਂ ਦੇ ਫੈਸਲੇ ਲਏ ਗਏ ਹਨ ਤਾਂ ਜੋ ਰਾਜਨੀਤਿਕ ਪ੍ਰਭਾਵ ਘੱਟ ਰਹੇ। ਇੱਕ ਦਹਾਕੇ ਤੋਂ ਵੱਧ ਸਮਾਂ ਪਹਿਲਾਂ ਤੇਲ ਕੀਮਤਾਂ ਨੂੰ ਨਿਯੰਤਰਣ-ਮੁਕਤ ਕੀਤਾ ਗਿਆ ਸੀ ਪਰ ਫਿਰ ਵੀ ਸਰਕਾਰੀ ਕੰਪਨੀਆਂ ਆਮ ਲੋਕਾਂ ਨੂੰ ਤੁਰੰਤ ਝਟਕਾ ਨਾ ਲੱਗੇ ਇਸ ਲਈ ਕੀਮਤਾਂ ਸਥਿਰ ਰੱਖ ਰਹੀਆਂ ਹਨ।

ਇੰਡੀਅਨ ਆਇਲ ਕਾਰਪੋਰੇਸ਼ਨ (ਆਈਓਸੀ), ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ (ਬੀਪੀਸੀਐਲ) ਅਤੇ ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਵਰਗੀਆਂ ਕੰਪਨੀਆਂ ਇਸ ਘਾਟੇ ਨੂੰ ਖੁਦ ਝੱਲ ਰਹੀਆਂ ਹਨ। ਗਲੋਬਲ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਗਲੋਬਲ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਯੂਰਪ ਵਿਚ ਡਿਲਿਵਰੀ ਵਾਲੇ ਕੱਚੇ ਤੇਲ ਦੀਆਂ ਕੀਮਤਾਂ 150 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਈਆਂ ਹਨ। ਬ੍ਰੈਂਟ ਕਰੂਡ ਫਿਊਚਰਜ਼ ਦੀ ਜੂਨ ਡਿਲਿਵਰੀ ਵਾਲੀ ਕੀਮਤ 6 ਫੀਸਦੀ ਵਧ ਕੇ 100 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਚਲੀ ਗਈ ਹੈ। ਇਸ ਵਾਧੇ ਦਾ ਮੁੱਖ ਕਾਰਨ ਅਮਰੀਕਾ ਅਤੇ ਇਰਾਨ ਵਿਚਕਾਰ ਤਣਾਅ ਹੈ। ਵਾਸ਼ਿੰਗਟਨ ਅਤੇ ਤਹਿਰਾਨ ਵਿਚਕਾਰ ਜੰਗ ਖਤਮ ਕਰਨ ਲਈ ਕੋਈ ਸਮਝੌਤਾ ਨਾ ਹੋਣ ਕਾਰਨ ਅਮਰੀਕੀ ਜਲ ਸੈਨਾ ਹੋਰਮੁਜ਼ ਜਲ ਮਾਰਗ ਉੱਤੇ ਨਿਗਰਾਨੀ ਵਧਾ ਰਹੀ ਹੈ। ਇਸ ਨਾਲ ਕੱਚੇ ਤੇਲ ਦੀ ਸਪਲਾਈ ਵਿਚ ਰੁਕਾਵਟ ਆ ਸਕਦੀ ਹੈ। ਉੱਤਰੀ ਸਾਗਰ ਦੇ ਫੋਰਟੀਜ਼ ਕਰੂਡ ਦੀ ਕੀਮਤ 148.87 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਈ ਹੈ ਜੋ 2008 ਦੇ ਰਿਕਾਰਡ ਤੋਂ ਵੀ ਵੱਧ ਹੈ।ਭਾਰਤ ਵਿਚ ਰਿਟੇਲ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਅਜੇ ਤੱਕ ਬਦਲੀਆਂ ਨਹੀਂ ਗਈਆਂ ਹਨ। ਪੰਜਾਬ ਵਿਚ ਪੈਟਰੋਲ ਦੀ ਔਸਤ ਕੀਮਤ ਲਗਭਗ 98 ਰੁਪਏ ਪ੍ਰਤੀ ਲਿਟਰ ਅਤੇ ਡੀਜ਼ਲ ਲਗਭਗ 82 ਰੁਪਏ ਪ੍ਰਤੀ ਲਿਟਰ ਆਸ-ਪਾਸ ਹੈ। ਪਰ ਨਿੱਜੀ ਤੇਲ ਕੰਪਨੀਆਂ ਵੱਲੋਂ ਪ੍ਰੀਮੀਅਮ ਪੈਟਰੋਲ ਅਤੇ ਇੰਡਸਟ੍ਰੀਅਲ ਡੀਜ਼ਲ ਵਿਚ ਵਾਧਾ ਕੀਤਾ ਗਿਆ ਹੈ। ਨਯਾਰਾ ਐਨਰਜੀ ਵੱਲੋਂ ਪੈਟਰੋਲ ਵਿਚ 5 ਰੁਪਏ ਅਤੇ ਡੀਜ਼ਲ ਵਿਚ 3 ਰੁਪਏ ਵਾਧਾ ਕੀਤਾ ਗਿਆ ਹੈ। ਸ਼ੈੱਲ ਵੱਲੋਂ ਵੀ ਡੀਜ਼ਲ ਵਿਚ 25 ਰੁਪਏ ਤੱਕ ਵਾਧਾ ਦੇਖਣ ਨੂੰ ਮਿਲਿਆ ਹੈ। ਇੰਡਸਟ੍ਰੀਅਲ ਡੀਜ਼ਲ ਵਿਚ 22 ਰੁਪਏ ਵਾਧਾ ਹੋਣ ਕਾਰਨ ਲੁਧਿਆਣਾ ਵਰਗੇ ਉਦਯੋਗਿਕ ਖੇਤਰ ਵਿਚ ਫੈਕਟਰੀਆਂ ਉੱਤੇ ਭਾਰੀ ਅਸਰ ਪੈ ਰਿਹਾ ਹੈ ਅਤੇ 35 ਫੀਸਦੀ ਯੂਨਿਟਾਂ ਬੰਦ ਹੋਣ ਦਾ ਖਤਰਾ ਹੈ।

## "ਕਲਮ ਰਹੇ ਅਡੋਲ ਸਦਾ"



ਲੋਕਾਂ ਦੇ ਮਸਲਿਆਂ ਨੂੰ ਲਿਖਣਾ, ਫਰਜ਼ ਹੈ ਹਰ ਲਿਖਾਰੀ ਦਾ।
ਇਸ ਕੰਮ ਲਈ ਜੇ ਕਲਮ ਨਾ ਚੱਲੇ, ਕੀ ਕਸੂਰ ਵਿਚਾਰੀ ਦਾ?
ਕਿਰਸਾਨਾਂ ਮਜ਼ਦੂਰਾਂ ਦੀ ਗੱਲ ਲਿਖਣਾ, ਨਾਲੇ ਹਾਲ ਗਰੀਬਾਂ ਦਾ,
ਈਮਾਨਦਾਰੀ ਦੇ ਨਾਲ ਇਹ ਲਿਖਣਾ, ਕੰਮ ਨਹੀਂ ਹਾਰੀ ਸਾਰੀ ਦਾ।
ਕੱਲੇ ਕੱਲੇ ਮਸਲੇ ਉਤੇ, ਸਦਾ ਹੀ ਕਰਕੇ ਗੌਰ ਲਿਖੋ,
ਓਸੇ ਕਲਮ ਨੂੰ ਸਾਹਿਤ ਜਗਤ ਵਿੱਚ, ਵੀਰੋ ਹੈ ਸਤਿਕਾਰੀ ਦਾ।
ਕਦੇ ਕਦੇ ਤਾਂ ਇਸਦਾ ਭਰਨਾ, ਪਏ ਹਰਜਾਨਾ ਵੀ,
ਬਹੁਤ ਮੁਸੀਬਤਾਂ ਝਲ ਕੇ ਵੀਰੋ, ਹੈ ਉਹ ਤਾਰੀ ਦਾ।
ਸਹੀ ਪੂਰਨੇ ਪਾਇਆਂ ਤੇ ਜੋ, ਕਲਮ ਰਹੇ ਅਡੋਲ ਸਦਾ,
ਠੱਪਾ ਦੁਨੀਆਂ ਵੱਲੋਂ ਲੱਗਦਾ, ਓਸੇ ਤੇ ਇਤਬਾਰੀ ਦਾ।
ਦੱਦਾਹੂਰੀਆ ਤੂੰ ਵੀ ਕਲਮ ਨਾਲ, ਸਦਾ ਲਿਖੀਂ ਸਚਾਈ ਹੀ,
ਐਵੇਂ ਉੱਘ ਦੀਆਂ ਪਤਾਲ ਲਿਖ ਲਿਖ, ਕਮਲ ਨਹੀਂ ਹੈ ਮਾਰੀ ਦਾ।

ਸਟੇਟ ਐਵਾਰਡੀ ਲੇਖਕ
ਜਸਵੀਰ ਸ਼ਰਮਾ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ
95691-49556

## ਕੇਸ਼ਗੜ੍ਹ ਵਿੱਚ ਸੀ ਦੀਵਾਨ ਸਜਿਆ, ਅੱਸੀ ਸਿੱਖਾਂ ਚੋਂ ਗੁਰਾਂ ਬਲੀਦਾਨ ਸੀ ਮੰਗਿਆ,




ਕੇਸ਼ਗੜ੍ਹ ਵਿੱਚ ਸੀ ਦੀਵਾਨ ਸਜਿਆ,
ਅੱਸੀ ਸਿੱਖਾਂ ਚੋਂ ਗੁਰਾਂ ਬਲੀਦਾਨ ਸੀ ਮੰਗਿਆ,

ਪੰਜ ਪਿਆਰੇ ਗੁਰਾਂ ਲਈਂ ਅੱਗੇ ਸੀ ਆਏ,
ਚੁਣੇ ਸਿੰਘਾਂ ਨੂੰ ਗੁਰਾਂ ਜੀ ਨੇ ਅੰਮ੍ਰਿਤ ਛਕਾਏ,

ਖਾਲਸੇ ਦਾ ਰੂਪ ਸਜਾ ਖੁਦ ਅੰਮ੍ਰਿਤ ਛਕਿਆ,
"ਵਾਹ ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ "
ਹਰ ਸਾਲ ਏ ਲੱਗਦਾ ਵਿੱਚ ਅਨੰਦਪੁਰੀ ਮੇਲਾ,

ਸਿੱਖਾਂ ਨੂੰ ਨਾਮ ਤੇ ਬਾਣੇ ਨਾਲ ਸੀ ਸਜਾਇਆ,
ਮਰਦਾ ਨੂੰ ਸਿੰਘ ਬਣਾ ਔਰਤਾਂ ਨੂੰ ਕੌਰ ਬਣਾਇਆ,

ਪੰਜ ਦਿੱਤੇ ਕਕਾਰ ਗੁਰਾਂ ਜਾਤ -ਪਾਤ ਨੂੰ ਮਿਟਾਇਆ,
ਦੇ ਕੇ ਸਭਨਾ ਇਕਸਾਰਤਾ ਖਾਲਸਾ ਰੂਪ ਮਿਲਾਇਆ,

ਰਾਣੂ ਨਿੱਤ ਸੀਸ ਝੁਕਾਵਾਂਦਾ ਨਾਲੇ ਵਾਰੇ ਜਾਵੇ,
ਦਸ਼ਮੇਸ਼ ਪਿਤਾ ਦੇ ਬੱਚੇ ਜਿਨ੍ਹਾਂ ਅਣਖ ਸਿਖਾਇਆ ॥

ਗੁਰਜੀਤ ਕੌਰ ਰਾਣੂ.

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਗੁੰਮਸੁੰਮ...**

ਜ਼ਮਾਨੇ ਮੁਤਾਬਕ ਤੇਜ਼ ਤਰਾਰ ਹੋਣਾ ਹੀ ਪੈਣੈ। ਗੁੰਮਸੁੰਮ ਰਹਿਣ ਵਾਲੇ ਨੂੰ ਤਾਂ ਦੁਨੀਆਂ ਦਰੜ ਕੇ ਅੱਗੇ ਲੰਘ ਜਾਂਦੀ ਹੈ॥ ਗੁੰਮਸੁੰਮ ਰਹਿਣ ਦੀ ਆਦਤ ਤਿਆਗੋ।ਹਾਜ਼ਰ ਜੁਆਬੀ ਜ਼ਰੂਰੀ ਵਰਨਾ ਦਿਲ ਦੀ ਗੱਲ ਮੌਕੇ ਸਿਰ ਕਹਿਣ ਤੋਂ ਖੁੰਝਦੇ ਰਹੋਗੇ॥ ਛਾਪਲ ਕੇ ਜਾਂ ਗੁੰਮਸੁੰਮ ਰਹਿ ਕੇ ਜੀਵਨ ਜਿਉਣ ਦੀ ਆਦਤ ਅੰਦਰੋ ਅੰਦਰੀ ਝੋਰਾ ਪੈਦਾ ਕਰਦੀ ਹੈ। ਦਿਲ ਦੀ ਗੱਲ ਖੁੱਲ ਕੇ ਕਰੋ ਨਹੀਂ ਤਾਂ ਸੰਗੀ ਸਾਥੀ ਵੀ ਘਟਦੇ ਜਾਣਗੇ॥

**ਗੁੱਠ...**

ਬੇਰੀ ਗੁੱਠ ਤੋਂ ਪਕੜ ਕੇ ਚੁੱਕਣ ਦਾ ਵੱਲ ਆ ਜਾਵੇ ਤਾਂ ਬਾਕੀ ਕੰਮਾਂ 'ਚ ਪਕੜ ਮਜਬੂਤ ਹੋਣ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ। ਬੰਦਾ ਜ਼ਿੰਦਗੀ ਦੇ ਭਾਰ ਚੁੱਕਣ ਦਾ ਵੱਲ ਸਿੱਖਣ ਲੱਗ ਪੈਂਦੈ॥ ਡਰਪੋਕ ਬੰਦੇ ਅਕਸਰ ਮੌਕਾ ਬਚਾ ਕੇ ਗੁੱਠਾਂ 'ਚ ਜਾ ਲੁਕਦੇ ਨੇ। ਦਲੇਰੀ ਵਧਾਓ। ਮੌਕੇ ਸਿਰ ਸਾਹਮਣੇ ਆਉਣ ਦੀ ਜ਼ੁਰਨੀਅਤ ਦਿਖਾਓ। ਹਰ ਖੇਤਰ 'ਚ ਛਾਉਣ ਲੱਗ ਪਵੋਂਗੇ॥ ਮੈਦਾਨੇ ਜੰਗ ਸਾਹਮਣਾ ਕਰਨ ਦਾ ਮੌਕਾ ਸੰਭਾਲੋ। ਆਤਮ ਵਿਸ਼ਵਾਸ ਵਧਣ ਲੱਗੇਗਾ। ਗੁੱਠ 'ਚੋਂ ਬਾਹਰ ਨਿਕਲ ਮੁਕਾਬਲਾ ਕਰਨ ਦੀ ਤਾਕਤ ਵੀ ਆਉਣੀ ਸ਼ੁਰੂ ਹੋ ਜਾਂਦੀ ਹੈ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

# ਬਹੁਤ ਵਾਰ ਇਹ ਕਿਹਾ ਜਾਂਦਾ ਕਿ "ਬੇਅਦਬੀ ਕਰਨ ਵਾਲਿਆਂ ਨੂੰ ਗੁਰੂ ਗ੍ਰੰਥ ਸਾਹਿਬ ਹੀ ਕਿਉਂ ਦਿੱਸਦੇ ਹਨ ਛੇੜਛਾੜ ਜਾਂ ਬੇਅਦਬੀ ਕਰਨ ਲਈ ?"



ਬਹੁਤ ਵਾਰ ਇਹ ਕਿਹਾ ਜਾਂਦਾ ਕਿ "ਬੇਅਦਬੀ ਕਰਨ ਵਾਲਿਆਂ ਨੂੰ ਗੁਰੂ ਗ੍ਰੰਥ ਸਾਹਿਬ ਹੀ ਕਿਉਂ ਦਿੱਸਦੇ ਹਨ ਛੇੜਛਾੜ ਜਾਂ ਬੇਅਦਬੀ ਕਰਨ ਲਈ ?"

ਇਹ ਸਵਾਲ ਹੀ ਗ਼ਲਤ ਹੈ।

ਇਹ ਅਧੂਰਾ ਪੱਖ ਹੈ। ਇਹ ਗੱਲ ਕਹਿਣ ਵਾਲਿਆਂ ਦੀ ਆਪਣੀ ਅੱਖ ਵਿੱਚ ਟੀਰ ਹੈ। ਉਨ੍ਹਾਂ ਦੀ ਮਨਸ਼ਾ ਧੱਕੇ ਨਾਲ ਕਿਸੇ 'ਤੇ ਅਪਰਾਧ ਥੋਪਣ ਵਾਲੀ ਹੈ। ਜਦੋਂਕਿ ਸੱਚਾਈ ਇਹ ਹੈ ਕਿ ਮੰਦਬੁੱਧੀ, ਪਾਗ਼ਲ ਲੋਕ ਆਪਣੇ ਘਰਾਂ ਵਿੱਚ ਵੀ ਬਹੁਤ ਨੁਕਸਾਨ ਕਰਦੇ ਹਨ। ਉਨ੍ਹਾਂ ਨੂੰ ਸਹੀ ਖਾਣ ਪੀਣ ਦੀ ਸਮਝ ਨਹੀਂ ਹੁੰਦੀ। ਸਹੀ ਥਾਂ 'ਤੇ ਟੱਟੀ-ਪਿਸ਼ਾਬ ਕਰਨ ਦੀ ਵੀ ਸੁੱਧ-ਬੁੱਧ ਨਹੀਂ ਹੁੰਦੀ। ਉਹ ਕਿਸੇ ਵੀ ਦੂਜੇ ਥਾਂ ਜਾਣ ਤਾਂ ਉਹ ਕੁੱਝ ਨਾ ਕੁੱਝ ਅਜਿਹਾ ਕਰਦੇ ਰਹਿੰਦੇ ਹਨ ਜੋ ਗ਼ਲਤ ਹੁੰਦਾ ਹੈ।

ਉਹ ਕਿਸੇ ਦੀ ਦੁਕਾਨ ਤੋਂ ਚੀਜ਼ਾਂ ਚੁੱਕ ਲੈਂਦੇ ਹਨ, ਰੇਹੜੀਆਂ ਤੋਂ ਸਮਾਨ ਚੁੱਕ ਲੈਂਦੇ ਹਨ, ਨਾਲੀ 'ਚੋਂ ਵੀ ਪਾਣੀ ਪੀ ਲੈਂਦੇ ਹਨ, ਕਿਸੇ 'ਤੇ ਹਮਲਾ ਕਰ ਦਿੰਦੇ ਹਨ ਅਤੇ ਕਿਧਰੇ ਦੂਰ ਵੀ ਚਲੇ ਜਾਂਦੇ ਹਨ। ਇਸ ਤਰ੍ਹਾਂ ਦਾ ਅਜਿਹਾ ਹੋਰ ਬਹੁਤ ਕੁੱਝ ਹੈ ਜੋ ਉਹ ਲੋਕ ਕਰਦੇ ਹਨ।

ਪਰ ਅਜਿਹੇ ਵਕਤ ਦੇ ਮਾਰੇ ਪਾਗ਼ਲ ਤੇ ਮੰਦਬੁੱਧੀ ਲੋਕਾਂ ਨਾਲ ਸਾਡਾ ਸਮਾਜ, ਰਾਜਨੀਤਕ ਲੀਡਰ ਤੇ ਖਾਸਕਰ ਧਾਰਮਿਕ ਲੋਕ ਕਿਹੋ ਜਿਹਾ ਵਤੀਰਾ ਕਰ ਰਹੇ ਹਨ ?

ਜਿਨ੍ਹਾਂ ਦੇ ਘਰ ਅਜਿਹੇ ਬੱਚੇ ਜੰਮ ਪੈਂਦੇ ਹਨ, ਉਨ੍ਹਾਂ ਨੂੰ ਪਹਿਲੇ ਦਿਨ ਹੀ ਇਹ ਝੋਰਾ ਵੱਢ-ਵੱਢ ਖਾਣ ਲੱਗ ਪੈਂਦਾ ਹੈ। ਉਹ ਦੂਜਿਆਂ ਲੋਕਾਂ ਵਾਂਗ ਆਮ ਬੇਫ਼ਿਕਰੀ ਦੀ ਜ਼ਿੰਦਗੀ ਨਹੀਂ ਜੀਅ ਸਕਦੇ। ਉਨ੍ਹਾਂ ਨੂੰ ਆਪਣੇ ਮੰਦਬੁੱਧੀ ਬੱਚਿਆਂ ਤੋਂ ਡਰ ਲੱਗਦਾ ਰਹਿੰਦਾ ਹੈ ਕਿ ਉਹ ਕਿਸੇ ਦਾ ਕੋਈ ਨੁਕਸਾਨ ਨਾ ਕਰ ਦੇਣ।

ਸ਼ਰਮ ਆਉਣੀ ਚਾਹੀਦੀ ਅਜਿਹੇ "ਅਖੌਤੀ ਕਾਨੂੰਨ ਦੇ ਹਮਾਇਤੀਆਂ ਨੂੰ ਜਿਹੜੇ ਇਸਦੀ ਹਮਾਇਤ ਵਿੱਚ ਬਿਨਾਂ ਸਾਰੇ ਪੱਖ ਸੋਚੇ ਵਿਚਾਰੇ ਨਾਹਰੇ ਮਾਰ ਰਹੇ ਹਨ। ਇਸ ਕਨੂੰਨ ਦੇ ਬਣ ਜਾਣ ਨਾਲ ਅੱਜ ਹਰ ਉਸ ਮਾਂ-ਪਿਓ ਜਾਂ ਪਰਿਵਾਰਕ ਮੈਂਬਰਾਂ ਨੂੰ ਖ਼ੌਫ਼ ਪੈਦਾ ਹੋ ਜਾਵੇਗਾ ਕਿ ਜੇ ਉਨ੍ਹਾਂ ਦੇ ਪਾਗ਼ਲ ਜਾਂ ਮੰਦਬੁੱਧੀ ਬੱਚੇ ਵੱਲੋਂ ਕਦੇ ਗੁਰਦੁਆਰੇ ਜਾ ਕੇ ਕੋਈ ਗ਼ਲਤੀ ਕਰ ਦਿੱਤੀ ਜਾਂਦੀ ਹੈ ਤਾਂ ਉਸਦੀ ਸਜ਼ਾ ਪਰਿਵਾਰ ਨੂੰ ਵੀ ਮਿਲੇਗੀ। ਇੱਕ ਅਜਿਹੇ ਅਪਰਾਧ ਦੀ ਸਜ਼ਾ ਜਿਸ ਬਾਰੇ ਉਨ੍ਹਾਂ ਨੇ ਕਦੇ ਸੁਪਨੇ 'ਚ ਵੀ ਨਹੀਂ ਸੋਚਿਆ ਹੋਵੇਗਾ। ਕਿਸੇ ਮਾਂ-ਪਿਓ ਨੇ ਭਾਵੇਂ ਅੱਜ ਤੱਕ ਆਪਣੇ ਪਾਗ਼ਲ ਜਾਂ ਮੰਦਬੁੱਧੀ ਬੱਚੇ ਬਾਰੇ ਇਹ ਨਾ ਸੋਚਿਆ ਹੋਵੇ ਪਰ ਉਹ ਇਸ ਕਾਨੂੰਨ ਬਾਰੇ ਸੁਣਣ ਤੋਂ ਬਾਅਦ ਜ਼ਰੂਰ ਸੋਚਣਗੇ ਕਿ ਕਿਤੇ ਇਹ ਸਾਡੇ ਲਈ ਸ਼ਰਾਪ ਤਾਂ ਨਹੀਂ ?

ਮੰਦਬੁੱਧੀ ਵਿਅਕਤੀਆਂ ਲਈ ਪੰਜਾਬ ਸਰਕਾਰ ਵੱਲੋਂ ਲਏ ਗਏ ਇਸ ਫ਼ੈਸਲੇ ਨੂੰ ਲੈ ਕੇ ਜੇਕਰ ਸੰਸਾਰ ਪੱਧਰ 'ਤੇ ਵਿਚਾਰਿਆ ਜਾਵੇ ਅਤੇ ਇਸ ਕਾਨੂੰਨ 'ਤੇ ਵਿਸ਼ਵ ਪੱਧਰੀ ਚਰਚਾ ਹੋਵੇ ਤਾਂ ਸਿੱਖਾਂ ਨੂੰ ਬਹੁਤ ਕਮਜ਼ੋਰ ਭਾਵਨਾਵਾਂ 'ਤੇ ਕੱਟੜਪੰਥੀਆਂ ਦੇ ਨਜ਼ਰੀਏ ਨਾਲ ਦੇਖਿਆ ਜਾਵੇਗਾ।

ਕਿਸੇ ਵੀ ਧਾਰਮਿਕ ਗ੍ਰੰਥ ਨੂੰ ਪਾੜਨਾ, ਬੁੱਤ ਤੋੜਨਾ, ਫੋਟੋਆਂ ਨਾਲ ਕੋਈ ਘਟੀਆ ਸ਼ਰਾਰਤ ਕਰਨ ਵਰਗੀਆਂ ਘਟਨਾਵਾਂ ਨੂੰ ਲੈ ਕੇ ਪਹਿਲਾਂ ਹੀ ਦੇਸ਼ ਵਿੱਚ ਕਾਨੂੰਨ ਬਣੇ ਹੋਏ ਹਨ ਅਤੇ ਇਨ੍ਹਾਂ ਕਾਨੂੰਨਾਂ ਵਿੱਚ ਸੋਧ ਵੀ ਹੁੰਦੀ ਰਹਿੰਦੀ ਹੈ। ਦੋਸ਼ੀਆਂ ਨੂੰ ਸਹੀ ਜਾਂਚ ਕਰਕੇ ਸਜ਼ਾਵਾਂ ਵੀ ਮਿਲਣੀਆਂ ਚਾਹੀਦੀਆਂ ਹਨ। ਪਰ ਇਸਦੇ ਨਾਲ ਹੀ ਅੱਜ ਹਰ ਧਰਮ ਦੇ ਲੋਕਾਂ ਨੂੰ ਆਪਣੀਆਂ ਭਾਵਨਾਵਾਂ ਨੂੰ ਮਜ਼ਬੂਤ ਕਰਨ ਦੀ ਲੋੜ ਵੀ ਹੈ। ਅਸੀਂ ਬੇਅਦਬੀ ਸ਼ਬਦ ਨੂੰ ਹੀ ਏਨਾਂ ਵੱਡਾ ਕਰ ਦਿੱਤਾ ਹੈ ਕਿ ਉਸਦੇ ਨਾਮ ਹੇਠ ਕੋਈ ਵੀ ਭੀੜ, ਬਿਨਾਂ ਸੱਚਾਈ ਜਾਣੇਂ ਹੀ ਕਿਸੇ ਨਿਰਦੋਸ਼ ਬੰਦੇ ਦਾ ਕਤਲ ਵੀ ਕਰ ਸਕਦੀ ਹੈ। ਧਰਮ ਦੇ ਨਸ਼ੇ ਨੇ ਸਾਨੂੰ ਏਨਾਂ ਕੁ ਪਾਗ਼ਲ ਕਰ ਦਿੱਤਾ ਹੈ ਕਿ ਅਸੀਂ ਸੱਚਾਈ ਜਾਨਣਾ ਹੀ ਨਹੀਂ ਚਾਹੁੰਦੇ। ਹਰ ਤਸਵੀਰ ਦੇ ਦੋ ਪਾਸੇ ਹੁੰਦੇ ਹਨ। ਸਾਨੂੰ ਦੋਹਾਂ ਪਾਸਿਆਂ 'ਤੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਹੀ ਕੋਈ ਫੈਸਲਾ ਲੈਣਾ ਚਾਹੀਦਾ ਹੈ।

ਜਿਵੇਂ ਅੱਜ ਪੰਜਾਬ ਵਿੱਚ ਮਸ਼ਹੂਰ ਹੋਣ ਲਈ ਕਿਸੇ ਵੀ ਪ੍ਰਵਾਸੀ ਨੂੰ ਫੜਕੇ ਕੁੱਟਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ ਤੇ ਉਸ 'ਤੇ ਇਹ ਇਲਜ਼ਾਮ ਲਗਾ ਦਿੱਤਾ ਜਾਂਦਾ ਹੈ ਕਿ ਇਸਨੇ ਇੱਕ ਸਿੱਖ ਦੀ ਦਸਤਾਰ ਉਤਾਰੀ ਹੈ। ਭਾਵੇਂ ਦਸਤਾਰ ਉਨ੍ਹਾਂ ਦੋਵਾਂ ਵਿੱਚਕਾਰ ਹੋਈ ਆਪਸੀ ਝੜਪ ਕਰਕੇ ਹੀ ਉਤਰੀ ਹੋਵੇ।

ਜੇਕਰ ਕੋਈ ਵਿਅਕਤੀ ਭਾਵੇਂ ਉਹ ਮੋਨਾ ਹੋਵੇ ਤੇ ਭਾਵੇਂ ਉਸਨੇ ਦਾਹੜੀ ਪੱਗ ਬੰਨ੍ਹੀ ਹੋਵੇ ਕਿਸੇ ਦੂਸਰੇ ਬੰਦੇ ਦੇ ਥੱਪੜ ਮਾਰੇਗਾ ਤਾਂ ਸਾਹਮਣੇ ਵਾਲਾ ਵੀ ਜਵਾਬੀ ਕਾਰਵਾਈ ਕਰ ਸਕਦਾ ਪਰ ਇਹ ਆਮ ਵੇਖਿਆ ਗਿਆ ਹੈ ਕਿ ਸੋਸ਼ਲ ਮੀਡੀਆ ਆਉਣ ਤੋਂ ਬਾਅਦ ਅਕਸਰ ਹੀ ਦਸਤਾਰ ਤੇ ਦਾਹੜੀ ਨੂੰ ਧਰਮ ਦੇ ਨਾਮ ਹੇਠ ਬੇਅਦਬੀ ਬਣਾਕੇ ਹਮਦਰਦੀ ਤੇ ਭੀੜ ਦੀ ਮਦਦ ਨਾਲ ਦੂਜੇ ਵਿਅਕਤੀ 'ਤੇ ਤਸ਼ੱਦਦ ਕੀਤਾ ਜਾਂਦਾ ਹੈ। ਅਜਿਹੀ ਕਿਸੇ ਵੀ ਘਟਨਾ ਵਾਪਰਨ 'ਤੇ ਅਸੀਂ ਉਸਨੂੰ ਧਰਮ ਦੀ ਰੰਗਤ ਦੇਣ ਦੀ ਕੋਸ਼ਿਸ਼ ਕਰਦੇ ਹਾਂ ਜੋ ਕਿ ਸਰਾਸਰ ਗ਼ਲਤ ਹੈ।

ਧੰਨ ਸੀ ਭਗਤ ਪੂਰਨ ਸਿੰਘ ਪਿੰਗਲਵਾੜੇ ਵਾਲੇ ਜਿਨ੍ਹਾਂ ਨੇ ਮੰਦਬੁੱਧੀਆਂ, ਪਾਗਲਾਂ, ਅਪਾਹਜਾਂ ਨੂੰ ਸਾਂਭਿਆ। ਅੱਜ ਵਾਲੇ ਧਾਰਮਿਕ ਲੋਕ ਮੰਦਬੁੱਧੀ ਵਿਅਕਤੀਆਂ ਨੂੰ ਸਾਂਭਣ ਦੀ ਬਜਾਏ ਉਨ੍ਹਾਂ ਨੂੰ ਲੈ ਕੇ ਰਾਜਨੀਤਕ ਮੁਫਾਦ ਹਾਸਲ ਕਰਨ ਲਈ ਤਰਲੋ ਮੱਛੀ ਹੋਏ ਫਿਰਦੇ ਹਨ ਅਤੇ ਵਿਧਾਨ ਸਭਾ ਵਿੱਚ ਵੋਟਾਂ ਬਟੋਰਨ ਲਈ ਪਖੰਡ ਕਰ ਰਹੇ ਹਨ।

ਲੇਖਕ : ਬਰਕਤ ਸਿੰਘ ਵੋਹਰਾ।

# ਪਾਬਲੋ ਪਿਕਾਸੋ ਸਮੁੰਦਰ ਦੇ ਕੰਢੇ ਪੇਂਟਿੰਗ ਕਰ ਰਿਹਾ ਸੀ। ਉੱਥੇ ਇੱਕ ਮਾਲੀ ਸੀ ਜੋ ਪ੍ਰੇਮੀਆਂ ਅਤੇ ਦੋਸਤਾਂ ਲਈ ਸਮੁੰਦਰ ਕੰਢੇ ਗੁਲਾਬ ਵੇਚਦਾ ਸੀ।




ਪਾਬਲੋ ਪਿਕਾਸੋ ਸਮੁੰਦਰ ਦੇ ਕੰਢੇ ਪੇਂਟਿੰਗ ਕਰ ਰਿਹਾ ਸੀ। ਉੱਥੇ ਇੱਕ ਮਾਲੀ ਸੀ ਜੋ ਪ੍ਰੇਮੀਆਂ ਅਤੇ ਦੋਸਤਾਂ ਲਈ ਸਮੁੰਦਰ ਕੰਢੇ ਗੁਲਾਬ ਵੇਚਦਾ ਸੀ। ਉਹ ਮਾਲੀ ਪਿਕਾਸੋ ਨੂੰ ਪੇਂਟਿੰਗ ਕਰਦੇ ਹੋਏ ਦੇਖ ਰਿਹਾ ਸੀ ਪਰ ਉਹ ਉਸਦੀ ਪੇਂਟਿੰਗ ਦਾ ਅਰਥ ਨਹੀਂ ਸਮਝ ਪਾ ਰਿਹਾ ਸੀ। ਜਦੋਂ ਪਿਕਾਸੋ ਨੇ ਆਪਣੀ ਪੇਂਟਿੰਗ ਨੂੰ ਆਖਰੀ ਰੂਪ ਦਿੱਤਾ ਤਾਂ ਉਹ ਉਸਨੂੰ ਇਸ ਤਰ੍ਹਾਂ ਦੇਖ ਰਿਹਾ ਸੀ ਜਿਵੇਂ ਉਹ ਉਸਨੇ ਨਹੀਂ, ਬਲਕਿ ਕਿਸੇ ਹੋਰ ਨੇ ਬਣਾਈ ਹੋਵੇ।

ਇੱਕ ਸੱਚਾ ਕਲਾਕਾਰ ਜਾਂ ਕਵੀ ਹਮੇਸ਼ਾ ਇੰਝ ਹੀ ਮਹਿਸੂਸ ਕਰਦਾ ਹੈ। ਉਹ ਸਿਰਫ਼ ਇੱਕ ਜ਼ਰੀਆ ਹੁੰਦਾ ਹੈ - ਕੋਈ ਅਣਜਾਣ ਸ਼ਕਤੀ ਹੀ ਸਾਰੀ ਰਚਨਾ ਕਰਦੀ ਹੈ।

ਮਾਲੀ ਉਸਦੇ ਕੋਲ ਆਇਆ ਅਤੇ ਪੁੱਛਣ ਲੱਗਾ, "ਮੈਂ ਤੁਹਾਨੂੰ ਪੇਂਟਿੰਗ ਕਰਦੇ ਹੋਏ ਦੇਖ ਰਿਹਾ ਸੀ। ਤੁਸੀਂ ਇਸ ਵਿੱਚ ਇੰਨੇ ਮਗਨ ਸੀ ਕਿ ਮੈਂ ਤੁਹਾਨੂੰ ਰੋਕਣ ਦੀ ਹਿੰਮਤ ਨਹੀਂ ਕਰ ਸਕਿਆ। ਪਰ ਹੁਣ ਜਦੋਂ ਤੁਸੀਂ ਇਸਨੂੰ ਪੂਰਾ ਕਰ ਲਿਆ ਹੈ ਤਾਂ ਮੈਂ ਆਪਣੇ ਆਪ ਨੂੰ ਰੋਕ ਨਹੀਂ ਪਾ ਰਿਹਾ। ਕੀ ਮੈਂ ਪੁੱਛ ਸਕਦਾ ਹਾਂ, 'ਇਸ ਪੇਂਟਿੰਗ ਦਾ ਅਰਥ ਕੀ ਹੈ?'"

ਉਸਦੇ ਹੱਥਾਂ ਵਿੱਚ ਗੁਲਾਬ ਦੇ ਗੁੱਛੇ ਸਨ।

ਪਿਕਾਸੋ ਨੇ ਕਿਹਾ, "ਦੋਸਤ, ਤੂੰ ਮੈਨੂੰ ਇਸ ਪੇਂਟਿੰਗ ਦੇ ਅਰਥਾਂ ਬਾਰੇ ਪੁੱਛ ਰਿਹਾ ਹੈਂ, ਕੀ ਪਹਿਲਾਂ ਮੈਂ ਤੈਨੂੰ ਪੁੱਛ ਸਕਦਾ ਹਾਂ ਕਿ ਇਨ੍ਹਾਂ ਗੁਲਾਬਾਂ ਦਾ ਅਰਥ ਕੀ ਹੈ? ਮੈਂ ਵੀ ਤੈਨੂੰ ਹਰ ਰੋਜ਼ ਸਮੁੰਦਰੀ ਕੰਢੇ 'ਤੇ ਗੁਲਾਬ ਵੇਚਦੇ ਦੇਖਦਾ ਹਾਂ। ਮੈਂ ਵੀ ਤੈਨੂੰ ਪੁੱਛਣ ਲਈ ਉਤਸੁਕ ਸੀ। ਤੂੰ ਇੱਕ ਮਾਲੀ ਹੈਂ, ਫੁੱਲਾਂ ਨੂੰ ਪਿਆਰ ਕਰਦਾ ਹੈਂ। ਮੈਂ ਬਹੁਤ ਸਾਰੇ ਗੁਲਾਬ ਦੇਖੇ ਹਨ ਪਰ ਤੇਰੇ ਗੁਲਾਬ ਬਹੁਤ ਸੁੰਦਰ, ਵੱਡੇ, ਖੁਸ਼ਬੂਦਾਰ ਤੇ ਤਾਜ਼ਗੀ ਨਾਲ ਭਰੇ ਹੋਏ ਹੁੰਦੇ ਹਨ। ਤੂੰ ਜ਼ਰੂਰ ਇਨ੍ਹਾਂ ਦੀ ਸੁੰਦਰਤਾ ਦਾ ਕਾਰਨ ਜਾਣਦਾ ਹੋਵੇਂਗਾ? ਮੈਨੂੰ ਦੱਸ?

ਮਾਲੀ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਉਸਨੇ ਕਿਹਾ, "ਇਹ ਨਾ ਪੁੱਛੋ, ਕਿਉਂਕਿ ਮੈਂ ਜੀਵਨ ਭਰ, ਜਦੋਂ ਤੋਂ ਫੁੱਲ ਉਗਾ ਰਿਹਾ ਹਾਂ, ਇਹ ਪ੍ਰਸ਼ਨ ਪੁੱਛਦਾ ਰਿਹਾ ਹਾਂ, ਅਤੇ ਮੈਂ ਜਾਣਦਾ ਵੀ ਹਾਂ ਪਰ ਜਦੋਂ ਦੱਸਣ ਦੀ ਗੱਲ ਆਉਂਦੀ ਹੈ ਤਾਂ ਮੈਂ ਬਿਲਕੁਲ ਗੂੰਗਾ ਹੋ ਜਾਂਦਾ ਹਾਂ"

ਪਿਕਾਸੋ ਨੇ ਕਿਹਾ, "ਮੇਰੀ ਹਾਲਤ ਵੀ ਇਹੋ ਜਿਹੀ ਹੀ ਹੈ। ਮੈਂ ਪੇਂਟਿੰਗ ਕਰ ਰਿਹਾ ਸੀ। ਬਾਹਰੋਂ ਦੇਖਣ ਵਾਲਿਆਂ ਲਈ, ਮੈਂ ਪੇਂਟਰ ਹਾਂ। ਪਰ ਜਿੱਥੋਂ ਤੱਕ ਮੇਰਾ ਸਵਾਲ ਹੈ, ਮੈਨੂੰ ਨਹੀਂ ਪਤਾ ਕਿ ਇਸਨੂੰ ਕਿਸਨੇ ਬਣਾਇਆ। ਮੈਂ ਸਿਰਫ਼ ਇੱਕ ਸਾਧਨ ਸੀ, ਜ਼ਰੀਆ ਸੀ। ਅਤੇ ਇਸਦਾ ਕੀ ਅਰਥ ਹੈ, ਇਹ ਵੀ ਮੈਨੂੰ ਨਹੀਂ ਪਤਾ ਕਿਉਂਕਿ ਮੈਂ ਇਸਦਾ ਸਿਰਜਣਹਾਰ ਨਹੀਂ ਹਾਂ ਤੂੰ ਇਨ੍ਹਾਂ ਗੁਲਾਬਾਂ ਨੂੰ ਉਗਾਇਆ ਹੈ ਪਰ ਤੂੰ ਇਨ੍ਹਾਂ ਨੂੰ ਜਨਮ ਨਹੀਂ ਦਿੱਤਾ। ਇਹ ਹੋਂਦ ਅਤੇ ਜੀਵਨ ਦੇ ਕਿਸੇ ਅਣਜਾਣ ਸਰੋਤ ਤੋਂ ਆਏ ਹਨ। ਮੇਰਾ ਮੰਨਣਾ ਹੈ ਕਿ ਹਰੇਕ ਰਚਨਾ ਓਸੇ ਅਣਜਾਣ ਸਰੋਤ ਤੋਂ ਆਉਂਦੀ ਹੈ।"

ਸ਼ਾਇਦ ਇੰਨਾ ਹੀ ਕਾਫ਼ੀ ਹੈ ਕਿ ਹਰ ਸਿਰਜਣਾ ਨੂੰ ਅਸੀਂ ਬਸ ਅਨੰਦ ਨਾਲ ਮਹਿਸੂਸ ਕਰੀਏ ਅਤੇ ਉਨ੍ਹਾਂ ਦੇ ਅਰਥ ਪੁੱਛਣ ਦੀ ਕੋਸ਼ਿਸ਼ ਨਾ ਕਰੀਏ। ਜੋ ਅਰਥ ਭਾਲਦੇ ਹਨ ਉਹ ਗੁਆਚ ਜਾਂਦੇ ਹਨ; ਉਨ੍ਹਾਂ ਨੂੰ ਅਰਥ ਕਦੇ ਨਹੀਂ ਮਿਲੇਗਾ। ਅਤੇ ਜਿੰਨਾ ਚਿਰ ਉਹ ਅਰਥ ਦੀ ਭਾਲ ਕਰ ਰਹੇ ਹੁੰਦੇ ਹਨ, ਜੀਵਨ ਉਨ੍ਹਾਂ ਤੋਂ ਹੱਥਾਂ 'ਚੋਂ ਖਿਸਕ ਜਾਂਦਾ ਹੈ।

— ਓਸ਼ੋ 🌹 (ਅਨੁਵਾਦ: ਮੀਤ ਅਨਮੋਲ)

# ਮੈਂ ਭੁੱਲਿਆ ਨਹੀਂ, ਬੱਸ ਵਕਤ ਦੀਆਂ ਬੇੜੀਆਂ 'ਚ ਜਕੜਿਆ ਹੋਇਆ ਹਾਂ



ਜ਼ਿੰਦਗੀ ਦੇ ਸਫ਼ਰ ਵਿੱਚ ਜਦੋਂ ਅਸੀਂ ਬਚਪਨ ਦੀਆਂ ਉਨ੍ਹਾਂ ਨਿੱਕੀਆਂ ਤੇ ਮਾਸੂਮ ਗਲੀਆਂ ਵਿੱਚੋਂ ਨਿਕਲ ਕੇ ਦੁਨੀਆਦਾਰੀ ਦੇ ਤਪਦੇ ਅਤੇ ਪਥਰੀਲੇ ਰਾਹਾਂ 'ਤੇ ਪੈਰ ਰੱਖਦੇ ਹਾਂ, ਤਾਂ ਸਭ ਤੋਂ ਪਹਿਲਾਂ ਜਿਸ ਚੀਜ਼ ਦੀ ਬਲੀ ਦਿੱਤੀ ਜਾਂਦੀ ਹੈ, ਉਹ ਸਾਡੀ ਪਿਆਰੀ ਦੋਸਤੀ ਅਤੇ ਉਹ ਵਕਤ ਹੁੰਦਾ ਹੈ ਜੋ ਕਦੇ ਸਿਰਫ਼ ਸਾਡਾ ਆਪਣਾ ਹੁੰਦਾ ਸੀ। ਇਹ ਸੋਚ ਕੇ ਅਕਸਰ ਮਨ ਦੇ ਕਿਸੇ ਕੋਨੇ ਵਿੱਚ ਇੱਕ ਡੂੰਘੀ ਜਿਹੀ ਚੀਸ ਉੱਠਦੀ ਹੈ ਕਿ ਜਿਨ੍ਹਾਂ ਯਾਰਾਂ ਦੇ ਬਿਨਾਂ ਕਦੇ ਦਿਨ ਚੜ੍ਹਦਾ ਨਹੀਂ ਸੀ ਤੇ ਜਿਨ੍ਹਾਂ ਨਾਲ ਲੜੇ ਬਿਨਾਂ ਕਦੇ ਰਾਤ ਨੂੰ ਨੀਂਦ ਨਹੀਂ ਸੀ ਆਉਂਦੀ, ਅੱਜ ਉਨ੍ਹਾਂ ਨਾਲ ਸਾਂਝ ਸਿਰਫ਼ ਫ਼ੋਨ ਦੀਆਂ ਘੰਟੀਆਂ ਜਾਂ ਸੋਸ਼ਲ ਮੀਡੀਆ 'ਤੇ ਆਏ ਬੇਜਾਨ ਸੁਨੇਹਿਆਂ ਤੱਕ ਸਿਮਟ ਕੇ ਰਹਿ ਗਈ ਹੈ। ਉਹ ਦਿਨ ਯਾਦ ਆਉਂਦੇ ਹਨ ਜਦੋਂ ਸਾਡੇ ਕੋਲ ਗੱਲਾਂ ਦਾ ਕਦੇ ਨਾ ਖ਼ਤਮ ਹੋਣ ਵਾਲਾ ਅੰਬਾਰ ਹੁੰਦਾ ਸੀ, ਜਿੱਥੇ ਬਿਨਾਂ ਕਿਸੇ ਮਤਲਬ ਤੋਂ ਘੰਟਿਆਂ ਬੱਧੀ ਫ਼ਜ਼ੂਲ ਗੱਲਾਂ ਵਿੱਚੋਂ ਹੀ ਅਸੀਂ ਜ਼ਿੰਦਗੀ ਦਾ ਸਭ ਤੋਂ ਵੱਡਾ ਸਕੂਨ ਲੱਭ ਲੈਂਦੇ ਸੀ, ਪਰ ਹੁਣ ਹਾਲਾਤ ਅਜਿਹੇ ਬਣ ਗਏ ਹਨ ਕਿ ਇੱਕ-ਦੂਜੇ ਨੂੰ ਮਿਲਣਾ ਵੀ ਇੱਕ ਵੱਡਾ ਮਨੋਰਥ ਬਣ ਗਿਆ ਹੈ ਜਿਸ ਲਈ ਕਈ ਮਹੀਨੇ ਪਹਿਲਾਂ ਤੋਂ ਵਿਉਂਤਬੰਦੀ ਕਰਨੀ ਪੈਂਦੀ ਹੈ ਤੇ ਅਖ਼ੀਰ ਵਿੱਚ ਉਹ ਵੀ ਅਕਸਰ ਕਿਸੇ ਨਾ ਕਿਸੇ ਰੁਝੇਵੇਂ ਦੀ ਭੇਟ ਚੜ੍ਹ ਜਾਂਦੀ ਹੈ। ਅਕਸਰ ਦੁਨੀਆ ਕਹਿ ਦਿੰਦੀ ਹੈ ਕਿ ਬੰਦਾ ਕਦੇ ਏਨਾ ਰੁੱਝਿਆ ਨਹੀਂ ਹੁੰਦਾ ਕਿ ਕਿਸੇ ਲਈ ਵਕਤ ਨਾ ਕੱਢ ਸਕੇ, ਬਲਕਿ ਇਹ ਤਾਂ ਸਭ ਤਰਜੀਹਾਂ ਦੀ ਗੱਲ ਹੈ, ਪਰ ਸੱਚਾਈ ਤਾਂ ਉਹ ਇਨਸਾਨ ਹੀ ਜਾਣਦਾ ਹੈ ਜੋ ਨੌਕਰੀ, ਪਰਿਵਾਰ, ਰਿਸ਼ਤੇਦਾਰੀਆਂ ਤੇ ਆਪਣੇ ਭਵਿੱਖ ਨੂੰ ਸੰਵਾਰਨ ਦੀਆਂ ਉਲਝਣਾਂ ਵਿੱਚ ਅਜਿਹਾ ਫਸਿਆ ਹੋਇਆ ਹੈ ਕਿ ਉਸ ਕੋਲੋਂ ਹੁਣ ਖੁਦ ਨੂੰ ਸ਼ੀਸ਼ੇ ਵਿੱਚ ਦੇਖਣ ਦਾ ਵਕਤ ਵੀ ਮੁਸ਼ਕਿਲ ਨਾਲ ਨਿਕਲਦਾ ਹੈ। ਘਰ ਦੇ ਬਿੱਲ ਭਰਨੇ, ਬੱਚਿਆਂ ਦੀਆਂ ਪੜ੍ਹਾਈਆਂ ਦੀ ਫ਼ਿਕਰ, ਦਫ਼ਤਰ ਦੀਆਂ ਫ਼ਾਈਲਾਂ ਦਾ ਬੋਝ ਤੇ ਸਮਾਜ ਵਿੱਚ ਵਿਚਰਨ ਦੀਆਂ ਬੰਦਸ਼ਾਂ ਨੇ ਸਾਡੀ ਉਸ ਪੁਰਾਣੀ ਤੇ ਬੇਫ਼ਿਕਰ ਮਾਸੂਮੀਅਤ ਨੂੰ ਕਿਤੇ ਬਹੁਤ ਡੂੰਘਾ ਦਬਾ ਦਿੱਤਾ ਹੈ। ਮੈਂ ਅਕਸਰ ਸੋਚਦਾ ਹਾਂ ਕਿ ਕਦਮ ਵਧਾ ਕੇ ਉਨ੍ਹਾਂ ਪੁਰਾਣੇ ਯਾਰਾਂ ਨੂੰ ਜਾ ਮਿਲਾਂ ਤੇ ਫਿਰ ਉਹੀ ਠਹਾਕੇ ਮਾਰਾਂ ਜਿਨ੍ਹਾਂ ਨਾਲ ਕਦੇ ਗਲੀਆਂ ਗੂੰਜਦੀਆਂ ਸਨ, ਪਰ ਜਦੋਂ ਵੀ ਮੈਂ ਹਿੰਮਤ ਕਰਕੇ ਉੱਠਦਾ ਹਾਂ ਤਾਂ ਪੈਰਾਂ ਵਿੱਚ ਪਈਆਂ ਜ਼ਿੰਮੇਵਾਰੀਆਂ ਦੀਆਂ ਬੇੜੀਆਂ ਤੇ ਸਿਰ 'ਤੇ ਰੱਖਿਆ ਫ਼ਰਜ਼ਾਂ ਦਾ ਪੰਡ-ਭਾਰ ਮੈਨੂੰ ਮੁੜ ਉੱਥੇ ਹੀ ਬੈਠਣ ਲਈ ਮਜਬੂਰ ਕਰ ਦਿੰਦਾ ਹੈ। ਪਰ ਮੈਂ ਚਾਹੁੰਦਾ ਹਾਂ ਕਿ ਮੇਰੇ ਉਹ ਖ਼ਾਸ ਦੋਸਤ, ਜੋ ਅੱਜ ਵੀ ਮੇਰੀਆਂ ਅਰਦਾਸਾਂ ਦਾ ਹਿੱਸਾ ਹਨ, ਉਹ ਇਹ ਗੱਲ ਚੰਗੀ ਤਰ੍ਹਾਂ ਜਾਣ ਲੈਣ ਕਿ ਮੈਂ ਬਦਲਿਆ ਨਹੀਂ ਹਾਂ ਤੇ ਨਾ ਹੀ ਮੈਂ ਉਨ੍ਹਾਂ ਨੂੰ ਭੁੱਲਿਆ ਹਾਂ। ਮੇਰੀ ਇਸ ਲੰਬੀ ਖ਼ਾਮੋਸ਼ੀ ਨੂੰ ਕਦੇ ਵੀ ਮੇਰੀ ਬੇਰੁਖ਼ੀ ਜਾਂ ਹੰਕਾਰ ਨਾ ਸਮਝਿਓ ਕਿਉਂਕਿ ਇਹ ਬੱਸ ਵਕਤ ਦੀ ਇੱਕ ਅਜਿਹੀ ਮਜਬੂਰੀ ਹੈ ਜਿਸ ਵਿੱਚ ਹਰ ਕੋਈ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰ ਰਿਹਾ ਹੈ। ਅੱਜ ਵੀ ਜਦੋਂ ਕਦੇ ਇਕਾਂਤ ਵਿੱਚ ਬੈਠਿਆਂ ਕੋਈ ਪੁਰਾਣੀ ਤਸਵੀਰ ਸਾਹਮਣੇ ਆਉਂਦੀ ਹੈ ਜਾਂ ਕਿਸੇ ਗੀਤ ਦੀ ਕੋਈ ਧੁਨ ਕੰਨੀਂ ਪੈਂਦੀ ਹੈ, ਤਾਂ ਉਹ ਸਾਰੇ ਪਲ ਇੱਕ ਫ਼ਿਲਮ ਵਾਂਗ ਅੱਖਾਂ ਅੱਗੇ ਘੁੰਮ ਜਾਂਦੇ ਹਨ ਤੇ ਮਨ ਕਰਦਾ ਹੈ ਕਿ ਸਭ ਕੁਝ ਛੱਡ-ਛਡਾ ਕੇ ਉੱਥੇ ਹੀ ਪਹੁੰਚ ਜਾਵਾਂ। ਮੇਰੇ ਦਿਲ ਵਿੱਚ ਇਹ ਉਮੀਦ ਹਮੇਸ਼ਾ ਜਿਉਂਦੀ ਰਹਿੰਦੀ ਹੈ ਕਿ ਇੱਕ ਦਿਨ ਇਹ ਦੁਨੀਆਦਾਰੀ ਦੀ ਭੱਜ-ਦੌੜ ਜ਼ਰੂਰ ਥੰਮੇਗੀ, ਜ਼ਿੰਮੇਵਾਰੀਆਂ ਦਾ ਇਹ ਤੂਫ਼ਾਨ ਸ਼ਾਂਤ ਹੋਵੇਗਾ ਤੇ ਅਸੀਂ ਫਿਰ ਉਸੇ ਮੋੜ 'ਤੇ ਮਿਲਾਂਗੇ ਜਿੱਥੇ ਅਸੀਂ ਆਪਣੀ ਅਣਭੋਲ ਤੇ ਨਿਰਸੁਆਰਥ ਯਾਰੀ ਛੱਡੀ ਸੀ। ਆਖ਼ਰਕਾਰ ਦੋਸਤੀ ਸਿਰਫ਼ ਰੋਜ਼ਾਨਾ ਹੱਥ ਮਿਲਾਉਣ ਜਾਂ ਇਕੱਠੇ ਬੈਠ ਕੇ ਚਾਹ ਪੀਣ ਦਾ ਨਾਂ ਨਹੀਂ ਹੈ, ਬਲਕਿ ਇਹ ਤਾਂ ਉਹ ਅਦਿੱਖ ਅਹਿਸਾਸ ਹੈ ਜੋ ਮੀਲੋਂ ਦੂਰ ਰਹਿ ਕੇ ਵੀ ਰੂਹ ਵਿੱਚ ਵਸਿਆ ਰਹਿੰਦਾ ਹੈ ਅਤੇ ਇੱਕ-ਦੂਜੇ ਪ੍ਰਤੀ ਮੁਹੱਬਤ ਤੇ ਸਤਿਕਾਰ ਨੂੰ ਕਦੇ ਫਿੱਕਾ ਨਹੀਂ ਪੈਣ ਦਿੰਦਾ। ਮੈਨੂੰ ਪਤਾ ਹੈ ਤੁਸੀਂ ਵੀ ਮੈਨੂੰ ਓਨਾ ਹੀ ਮਿੱਸ ਕਰਦੇ ਹੋ ਜਿੰਨਾ ਮੈਂ ਤੁਹਾਨੂੰ, ਤੇ ਇਹੀ ਅਹਿਸਾਸ ਸਾਡੇ ਇਸ ਰਿਸ਼ਤੇ ਨੂੰ ਦੁਨੀਆ ਦੇ ਹਰ ਬੋਝ ਤੋਂ ਉੱਪਰ ਰੱਖਦਾ ਹੈ।

ਸਨਦੀਪ ਸਿੱਧੂ - 9463661542




# ਧਾਲੀਵਾਲ ਨੇ ਸ਼ਾਇਰ ਐੱਸ. ਪ੍ਰਸ਼ੋਤਮ ਦੀ ਰਚਿਤ ਵਿਸਾਖੀ ਨੂੰ ਸਮਰਪਿਤ ਆਡੀਓ ਨਜ਼ਮ ਤੇ ਪੋਸਟਰ ਨੂੰ ਕੀਤਾ ਰਲੀਜ਼



।

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ, 12 ਅਪ੍ਰੈਲ

ਮਾਝਾ ਵਿਰਾਸਤ ਟਰੱਸਟ ਰਜਿ: ਵਲੋਂ ਕਰਵਾਏ ਗਏ ਸ਼ਾਇਰ ਤੇ ਟਰੱਸਟ ਦੇ ਪ੍ਰਧਾਨ ਐੱਸ ਪ੍ਰਸ਼ੋਤਮ ਦੀ ਵਿਸਾਖੀ ਨੂੰ ਸਮਰਪਿਤ 'ਕਦੋਂ ਪਰਤਣਗੇ ਦਿਨ?' ਆਡੀਓ ਸੰਗੀਤਕ ਨਜ਼ਮ, ਪੋਸਟਰ ਰਲੀਜ਼ ਕਰਨ ਅਤੇ ਸਨਮਾਨ ਸਮਾਰੋਹ 'ਚ ਆਮ ਆਦਮੀ ਪਾਰਟੀ ਦੇ ਸੂਬਾਈ ਮੁੱਖ ਬੁਲਾਰੇ , ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਜੋ ਹਾਸ਼ਮ ਸ਼ਾਹ ਯਾਦਗਾਰੀ ਟਰੱਸਟ ਦੇ ਮੌਜੂਦਾ ਚੇਅਰਮੈਨ ਵੀ ਹਨ, ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ । 'ਕਦੋਂ ਪਰਤਣਗੇ ਦਿਨ?' ਆਡੀਓ ਸੰਗੀਤਕ ਨਜ਼ਮ ਤੇ ਪੋਸਟਰ ਰਲੀਜ਼ ਕਰਨ ਮੌਕੇ ਸ. ਧਾਲੀਵਾਲ ਨੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਵਿਸ਼ਵੀਕਰਨ ਅਤੇ ਸ਼ੋਸ਼ਲ ਮੀਡੀਆ ਦੀਆਂ ਨਾਂਹ ਪੱਖੀ ਨਵੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਅਪਣਾਈ ਗਈ ਸਭਿਆਚਾਰਕ ਨੀਤੀ ਨੂੰ ਦ੍ਰਿੜ ਰਾਜਸੀ ਇੱਛਾ ਸ਼ਕਤੀ ਨਾਲ ਲਾਗੂ ਕਰਕੇ ਪੰਜਾਬੀ ਭਾਸ਼ਾ ਦੇ ਪ੍ਰਸਾਰ ਤੇ ਵਿਕਾਸ ਲਈ ਉਚੇਚੇ ਕਦਮ ਚੁੱਕੇ ਗਏ ਹਨ ਅਤੇ ਸਾਹਿਤ ਤੇ ਕਲਾ ਸਭਿਆਚਾਰ ਨੂੰ ਦੂਜੇ ਰਾਜਾਂ 'ਚ ਪੇਸ਼ ਕਰਨ ਲਈ ਪੰਜਾਬੀ ਸਾਹਿਤਕਾਰਾਂ, ਕਲਾਕਾਰਾਂ, ਗਾਇਕਾਂ ਨੂੰ ਉਤਸ਼ਾਹਿਤ ਕਰਨ ਲਈ ਵੱਖ ਵੱਖ ਨਗਦ ਪੁਰਸਕਾਰਾਂ ਸਮੇਤ ਪੰਜਾਬ ਸਰਕਾਰ ਦੇ ਪੰਜਾਬੀ ਸਭਿਆਚਾਰ ਕਲਾਵਾਂ, ਸਾਹਿਤ ਭਾਸ਼ਾ, ਤੇ ਸੰਗੀਤ ਸੰਸਥਾਵਾਂ ਦੇ ਸਨਮਾਨ ਸਾਹਿਤ ਆਹੁਦਿਆਂ ਤੇ ਨਿਵਾਜਿਆ ਗਿਆ ਹੈ।ਜਦੋਂਕਿ ਨਵੀਂ ਪੀੜ੍ਹੀ ਨੂੰ ਆਪਣੀਆਂ ਵਿਰਾਸਤੀ ਜੜ੍ਹਾਂ ਨਾਲ ਜੋੜਣ ਲਈ ਵਿਰਾਸਤੀ ਤੇ ਇਤਿਹਾਸਕ ਸਥਾਨਾਂ ਦੀ ਸਾਂਭ ਸੰਭਾਲ ਕੀਤੀ ਜਾ ਰਹੀ ਹੈ।ਸ. ਧਾਲੀਵਾਲ ਨੇ ਮਾਝਾ ਵਿਰਾਸਤ ਟਰੱਸਟ ਦੇ ਪ੍ਰਧਾਨ ਤੇ ਸ਼ਾਇਰ ਐੱਸ. ਪ੍ਰਸ਼ੋਤਮ ਦੀ ਰਚਿਤ ਰਲੀਜ਼ ਕੀਤੀ ਗਈ 'ਕਦੋਂ ਪਰਤਣਗੇ ਦਿਨ?' ਨਜ਼ਮ ਅਤੇ ਰੰਗੀਨ ਪੋਸਟਰ ਦਾ ਵਿਸ਼ੇਸ਼ ਤੌਰ ਤੇ ਜਿਕਰ ਕਰਦਿਆਂ ਨਜ਼ਮ ਵਿੱਚ ਪ੍ਰਦੂਸ਼ਿਤ ਵਿਸ਼ਵੀਕਰਨ ਦੇ ਮੱਦੇਨਜ਼ਰ ਮਰ ਰਹੀਆਂ /ਸੁੱਕ ਰਹੀਆਂ ਝੀਲਾਂ, ਟੋਭੇ, ਨਦੀਆਂ, ਨਾਲੇ ਦੀ ਪੁਨਰ ਸੁਰਜੀਤੀ ਦੀ ਬਜਾਏ ਹੋਂਦ ਖਤਮ ਕਰਨ ਲਈ ਇਨ੍ਹਾਂ ਸੁੱਕੀਆਂ ਝੀਲਾਂ/ ਦਰਿਆਵਾਂ 'ਚ ਉਸਾਰੇ ਜਾ ਰਹੇ ਰੰਗੀਨ ਮਿਜ਼ਾਜ ਹੋਟਲਾਂ/ ਰੈਸਟੋਰੈਂਟਾਂ, ਸਿਆਸੀ ਲੋਭ ਦੇ ਕਾਰਣ ਭਾਰਤੀ ਸਭਿਆਚਾਰ 'ਚ ਉਭਰ ਰਹੀ ਫਿਰਕਾਪ੍ਰਸਤੀ ਅਤੇ ਵਿਸਾਖੀ ਮੌਕੇ ਲੱਗਦੀਆਂ ਰਾਜਸੀ ਸਟੇਜ਼ਾਂ ਤੋਂ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਸਮਾਜਿਕ ਵੰਡ ਦੇ ਖਾਤਮੇ ਲਈ ਉਠਾਈ ਗਈ ਭਾਈਚਾਰਕ ਸਾਂਝਾਂ ਦੀ ਬਹਾਲੀ ਦੀ ਅਵਾਜ਼ ਨੂੰ ਉੱਚਾ ਕਰਨ ਦੀ ਬਜਾਏ ਰਾਜਸੀ ਪਾਰਟੀਆਂ ਵਲੋਂ ਇੱਕ ਦੂਜੇ ਦੇ ਸਿਆਸੀ ਚੀਰਹਰਨ ਲਈ ਮਿਹਣੋ ਮਿਹਣੀ ਹੋਣ ਵਿਸਾਖੀ ਵਾਲੇ ਨੱਚਦੇ ਟੱਪਦੇ ਰੰਗਲੇ ਦਿਨ ਦੀ ਉਮੀਦ ਪ੍ਰਗਟਾਏ ਜਾਣ ਆਦਿ ਬਿਰਤਾਂਤ ਨੂੰ ਸ਼ਾਇਰਾਨਾ /ਕਾਵਿ ਛੂਹਾਂ ਦੇਣ ਲਈ ਭਰਵੀਂ ਪ੍ਰਸੰਸਾ ਕੀਤੀ ਅਤੇ ਨਜ਼ਮ ਨੂੰ ਸਮੇਂ ਦੀ ਹਾਣੀ ਕਰਾਰ ਦਿੱਤਾ।ਟਰੱਸਟ ਵਲੋਂ ਸ. ਧਾਲੀਵਾਲ ਦੀਆਂ ਪੰਜਾਬੀ ਭਾਸ਼ਾ, ਸਾਹਿਤ, ਕਲਾ, ਸਭਿਆਚਾਰ ਨੂੰ ਵਿਕਸਿਤ ਕਰਨ ਲਈ ਨਿਭਾਈਆਂ ਗਈਆਂ ਅਤੇ ਨਿਭਾਈਆਂ ਜਾ ਰਹੀਆਂ ਯਾਦਗਾਰੀ ਸੇਵਾਵਾਂ ਦੇ ਇਵਜ਼ 'ਚ ਰੰਗਲੇ ਪੰਜਾਬ ਦੇ ਐਵਾਰਡ ਨਾਲ ਪੰਜਾਬੀ ਅੱਖਰਾਂ ਦੇ ਅੰਕਿਤ ਦੁਸ਼ਾਲਾ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਸ਼ਾਇਰ ਤੇ ਪ੍ਰਧਾਨ ਐੱਸ. ਪ੍ਰਸ਼ੋਤਮ, ਸ਼ਹਿਰੀ ਪ੍ਰਧਾਨ ਅਮਿਤ ਔਲ, ਦੇਸ਼ ਭਗਤ ਬਾਪੂ ਉਜਾਗਰ ਸਿੰਘ ਖਤਰਾਏ ਕਲਾਂ ਸਭਿਆਚਾਰਕ ਮੂਵਮੈਂਟ ਦੇ ਮੁੱਖੀ ਦਿਲਬਾਗ ਸਿੰਘ ਖਤਰਾਏ ਕਲਾਂ, ਹਰਜੀਤ ਸਿੰਘ ਸਰਕਾਰੀਆ, ਪੰਕਜ ਸਿੰਘ ਅਜਨਾਲਾ, ਨਜ਼ਮ ਦੇ ਸੰਗੀਤਕ ਪੇਸ਼ਕਾਰ ਤੇ ਗਾਇਕ ਸੁਰਿੰਦਰ ਅਜਨਾਲਵੀ , ਗਾਇਕ ਦਰਪਿੰਦਰਾ, ਡਾ: ਇੰਦਰਜੀਤ ਸਿੰਘ ਮਹਿਲਾਂਵਾਲਾ, ਕਾਬਲ ਸਿੰਘ ਛੀਨਾ, ਆਦਿ ਟਰੱਸਟ ਦੇ ਆਹੁਦੇਦਾਰਾਂ ਤੋਂ ਇਲਾਵਾ ਕਲਾ ਪ੍ਰੇਮੀ ਵੱਡੀ ਗਿਣਤੀ 'ਚ ਮੌਜੂਦ ਸਨ। ਪ੍ਰਭਾਵਸ਼ਾਲੀ ਸਮਾਰੋਹ ਦੌਰਾਨ ਵਿਸਾਖੀ ਨੂੰ ਸਮਰਪਿਤ ਆਡੀਓ ਨਜ਼ਮ 'ਕਦੋਂ ਪਰਤਣਗੇ ਦਿਨ?' ਅਤੇ ਪੋਸਟਰ ਰਲੀਜ਼ ਕਰਨ ਮੌਕੇ ਮੁੱਖ ਮਹਿਮਾਨ ਸ. ਕੁਲਦੀਪ ਸਿੰਘ ਧਾਲੀਵਾਲ, ਐੱਸ. ਪ੍ਰਸ਼ੋਤਮ, ਅਮਿਤ ਔਲ, ਦਿਲਬਾਗ ਸਿੰਘ ਖਤਰਾਏ ਕਲਾਂ, ਹਰਜੀਤ ਸਿੰਘ ਸਰਕਾਰੀਆ, ਸੁਰਿੰਦਰ ਅਜਨਾਲਵੀ, ਦਰਪਿੰਦਰਾ ਸਮੇਤ ਹੋਰਾਂ ਨਾਲ।

# ਵਿਟਾਮਿਨ ਡੀ ਦੀ ਕਮੀ (Vitamin D Deficiency) ਡਾ ਅਜੀਤਪਾਲ ਸਿੰਘ ਐਮ ਡੀ



ਇਹ ਅੱਜ-ਕੱਲ੍ਹ ਇੱਕ ਆਮ ਸਮੱਸਿਆ ਬਣ ਗਈ ਹੈ। ਇਹ ਸਰੀਰ ਦੀਆਂ ਹੱਡੀਆਂ, ਮਾਸਪੇਸ਼ੀਆਂ ਅਤੇ ਇਮਿਊਨ ਸਿਸਟਮ ਲਈ ਬਹੁਤ ਜ਼ਰੂਰੀ ਹੈ। ਆਓ ਇਸਦੇ ਵੱਖ-ਵੱਖ ਪਹਿਲੂਆਂ ਨੂੰ ਸਮਝੀਏ:

1. ਕਾਰਨ (Causes)

ਵਿਟਾਮਿਨ ਡੀ ਦੀ ਕਮੀ ਦੇ ਮੁੱਖ ਕਾਰਨ ਹਨ:

· ਸੂਰਜ ਦੀ ਰੌਸ਼ਨੀ ਦੀ ਘਾਟ: ਸਰੀਰ ਵਿੱਚ 90% ਵਿਟਾਮਿਨ ਡੀ ਸੂਰਜ ਦੀ ਅਲਟਰਾਵਾਇਲਟ (UVB) ਕਿਰਨਾਂ ਤੋਂ ਬਣਦਾ ਹੈ। ਘਰ ਦੇ ਅੰਦਰ ਰਹਿਣਾ, ਪੂਰਾ ਸਰੀਰ ਢੱਕ ਕੇ ਰੱਖਣਾ, ਜਾਂ ਉੱਚੇ ਪ੍ਰਦੂਸ਼ਣ ਵਾਲੇ ਇਲਾਕਿਆਂ ਵਿੱਚ ਰਹਿਣਾ ਕਮੀ ਦਾ ਕਾਰਨ ਬਣਦਾ ਹੈ।

· ਗ਼ਲਤ ਖੁਰਾਕ: ਖੁਰਾਕ ਵਿੱਚ ਵਿਟਾਮਿਨ ਡੀ ਨਾਲ ਭਰਪੂਰ ਚੀਜ਼ਾਂ (ਮੱਛੀ, ਅੰਡੇ, ਦੁੱਧ) ਦੀ ਘਾਟ।

· ਜਿਗਰ ਅਤੇ ਗੁਰਦੇ ਦੀਆਂ ਬਿਮਾਰੀਆਂ: ਇਹ ਅੰਗ ਵਿਟਾਮਿਨ ਡੀ ਨੂੰ ਸਰਗਰਮ ਰੂਪ ਵਿੱਚ ਬਦਲਣ ਵਿੱਚ ਮਦਦ ਕਰਦੇ ਹਨ। ਜੇ ਇਹ ਖਰਾਬ ਹੋਣ ਤਾਂ ਕਮੀ ਹੋ ਸਕਦੀ ਹੈ।

· ਮੋਟਾਪਾ (Obesity): ਚਰਬੀ ਵਾਲੇ ਸੈੱਲ ਵਿਟਾਮਿਨ ਡੀ ਨੂੰ ਆਪਣੇ ਵਿੱਚ ਫਸਾ ਕੇ ਰੱਖ ਲੈਂਦੇ ਹਨ, ਜਿਸ ਕਰਕੇ ਇਹ ਖੂਨ ਵਿੱਚ ਘੱਟ ਘੁਲਦਾ ਹੈ।

· ਕੁਝ ਦਵਾਈਆਂ: ਜਿਵੇਂ ਕਿ ਜ਼ਬਤੀ (antiseizure) ਦਵਾਈਆਂ, ਸਟੀਰੋਇਡ ਆਦਿ।

2. ਲੱਛਣ (Symptoms)

ਸ਼ੁਰੂ ਵਿੱਚ ਲੱਛਣ ਦਿਖਾਈ ਨਹੀਂ ਦਿੰਦੇ, ਪਰ ਸਮੇਂ ਦੇ ਨਾਲ ਇਹ ਦਿਖਾਈ ਦੇ ਸਕਦੇ ਹਨ:

· ਥਕਾਵਟ ਅਤੇ ਕਮਜ਼ੋਰੀ: ਬਿਨਾਂ ਕੰਮ ਕੀਤੇ ਵੀ ਸਰੀਰ ਟੁੱਟਿਆ-ਭੱਜਿਆ ਮਹਿਸੂਸ ਹੋਣਾ।

· ਹੱਡੀਆਂ ਅਤੇ ਪਿੱਠ ਦਾ ਦਰਦ: ਖਾਸ ਕਰਕੇ ਕਮਰ ਦੇ ਹੇਠਾਂ ਅਤੇ ਲੱਤਾਂ ਦੀਆਂ ਹੱਡੀਆਂ ਵਿੱਚ ਦਰਦ।

· ਮਾਸਪੇਸ਼ੀਆਂ ਵਿੱਚ ਦਰਦ: ਮਾਸਪੇਸ਼ੀਆਂ ਵਿੱਚ ਖਿਚਾਅ ਜਾਂ ਕੜਾਪਨ ਮਹਿਸੂਸ ਹੋਣਾ।

· ਵਾਰ-ਵਾਰ ਬਿਮਾਰ ਹੋਣਾ: ਕਮਜ਼ੋਰ ਇਮਿਊਨ ਸਿਸਟਮ ਕਾਰਨ ਛੇਤੀ ਛੇਤੀ ਫਲੂ, ਜ਼ੁਕਾਮ ਜਾਂ ਇਨਫੈਕਸ਼ਨ ਹੋਣਾ।

· ਵਾਲਾਂ ਦਾ ਝੜਨਾ: ਗੰਭੀਰ ਕਮੀ ਵਾਲਾਂ ਦੇ ਝੜਨ ਦਾ ਕਾਰਨ ਬਣ ਸਕਦੀ ਹੈ।

· ਜ਼ਖ਼ਮ ਦਾ ਠੀਕ ਨਾ ਹੋਣਾ: ਸਰਜਰੀ ਜਾਂ ਸੱਟ ਤੋਂ ਬਾਅਦ ਜ਼ਖ਼ਮ ਭਰਨ ਵਿੱਚ ਸਮਾਂ ਲੱਗਣਾ।

· ਮੂਡ ਵਿੱਚ ਤਬਦੀਲੀ: ਡਿਪਰੈਸ਼ਨ ਜਾਂ ਉਦਾਸੀ ਮਹਿਸੂਸ ਹੋਣਾ ।

3. ਪੇਚੀਦਗੀਆਂ (Complications)

ਜੇ ਲੰਮੇ ਸਮੇਂ ਤੱਕ ਕਮੀ ਰਹੇ, ਤਾਂ ਗੰਭੀਰ ਨੁਕਸਾਨ ਹੋ ਸਕਦਾ ਹੈ:

· ਬੱਚਿਆਂ ਵਿੱਚ: ਰਿਕੇਟਸ (Rickets) - ਹੱਡੀਆਂ ਕਮਜ਼ੋਰ ਅਤੇ ਨਰਮ ਹੋ ਜਾਂਦੀਆਂ ਹਨ, ਲੱਤਾਂ ਝੁਕ ਜਾਂਦੀਆਂ ਹਨ।

· ਬਾਲਗਾਂ ਵਿੱਚ: ਔਸਟੀਓਮਲੇਸ਼ੀਆ (Osteomalacia) - ਹੱਡੀਆਂ ਦਾ ਨਰਮ ਹੋਣਾ, ਜਿਸ ਕਾਰਨ ਤੁਰਨ-ਫਿਰਨ ਵਿੱਚ ਤਕਲੀਫ਼ ਹੁੰਦੀ ਹੈ।

· ਔਸਟੀਓਪੋਰੋਸਿਸ (Osteoporosis): ਹੱਡੀਆਂ ਦੀ ਘਣਤਾ ਘੱਟ ਜਾਂਦੀ ਹੈ, ਜਿਸ ਕਾਰਨ ਸੱਟ ਲੱਗਣ ਨਾਲ ਹੱਡੀ ਟੁੱਟਣ ਦਾ ਖ਼ਤਰਾ ਵੱਧ ਜਾਂਦਾ ਹੈ।

· ਦਿਲ ਦੀਆਂ ਬਿਮਾਰੀਆਂ: ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੀ ਬਿਮਾਰੀ ਦਾ ਖ਼ਤਰਾ ਵੱਧ ਸਕਦਾ ਹੈ।

· ਆਟੋਇਮਿਊਨ ਬਿਮਾਰੀਆਂ: ਸ਼ੂਗਰ (ਟਾਈਪ 1), ਮਲਟੀਪਲ ਸਕਲੇਰੋਸਿਸ ਆਦਿ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ ।

4. ਪਹਿਚਾਣ (Diagnosis)

ਵਿਟਾਮਿਨ ਡੀ ਦੀ ਕਮੀ ਦੀ ਪਛਾਣ ਕਰਨ ਦਾ ਸਭ ਤੋਂ ਭਰੋਸੇਮੰਦ ਤਰੀਕਾ ਖੂਨ ਦੀ ਜਾਂਚ ਹੈ।

-ਇਸ ਟੈਸਟ ਨੂੰ 25-ਹਾਈਡਰੋਕਸੀ ਵਿਟਾਮਿਨ ਡੀ (25-OH Vitamin D) ਟੈਸਟ ਕਿਹਾ ਜਾਂਦਾ ਹੈ।

· ਆਮ ਰੇਂਜ: 30 ng/mL ਤੋਂ 50 ng/mL ਤੱਕ।

· ਘਾਟ (Deficient): 20 ng/mL ਤੋਂ ਘੱਟ।

· ਨਾਕਾਫ਼ੀ (Insufficient): 21–29 ng/mL।

ਡਾਕਟਰ ਕਦੇ-ਕਦੇ ਹੱਡੀਆਂ ਦੀ ਜਾਂਚ ਲਈ ਬੋਨ ਡੈਂਸਿਟੀ ਸਕੈਨ ਵੀ ਕਰਵਾ ਸਕਦਾ ਹੈ।

5. ਇਲਾਜ (Treatment)

ਇਲਾਜ ਦਾ ਮੁੱਖ ਟੀਚਾ ਵਿਟਾਮਿਨ ਡੀ ਦਾ ਪੱਧਰ ਆਮ ਕਰਨਾ ਹੈ:

-ਸੂਰਜ ਦੀ ਰੌਸ਼ਨੀ: ਸਵੇਰੇ 10 ਤੋਂ 3 ਵਜੇ ਦੇ ਵਿਚਕਾਰ 15-20 ਮਿੰਟ ਬਾਹਾਂ ਅਤੇ ਲੱਤਾਂ ਖੋਲ੍ਹ ਕੇ ਧੁੱਪ ਲਓ। ਘਰ ਦੀ ਬਾਲਕੋਨੀ ਵਿੱਚ ਵੀ ਲੈ ਸਕਦੇ ਹੋ।

· ਖੁਰਾਕ:

· ਮੱਛੀ (ਸਾਲਮਨ, ਟੂਨਾ, ਮੈਕਰਲ)

· ਅੰਡੇ ਦੀ ਜ਼ਰਦੀ

· ਵਿਟਾਮਿਨ ਡੀ ਨਾਲ ਫੋਰਟੀਫਾਈਡ ਦੁੱਧ ਅਤੇ ਦਹੀਂ

· ਮਸ਼ਰੂਮ (ਜਿਹੜੇ ਧੁੱਪ ਵਿੱਚ ਉਗਾਏ ਗਏ ਹੋਣ)

· ਸਪਲੀਮੈਂਟਸ (Supplements):

· ਡਾਕਟਰ ਕਮੀ ਦੀ ਸਥਿਤੀ ਵੇਖ ਕੇ ਵਿਟਾਮਿਨ ਡੀ3 (Cholecalciferol) ਦੀਆਂ ਗੋਲੀਆਂ ਜਾਂ ਸ਼ਰਬਤ ਦੇ ਸਕਦਾ ਹੈ।

· ਖ਼ਾਸ ਧਿਆਨ: ਵਿਟਾਮਿਨ ਡੀ ਕੈਲਸ਼ੀਅਮ ਦੇ ਨਾਲ ਮਿਲ ਕੇ ਕੰਮ ਕਰਦਾ ਹੈ, ਇਸ ਲਈ ਖੁਰਾਕ ਵਿੱਚ ਕੈਲਸ਼ੀਅਮ (ਦੁੱਧ, ਪਨੀਰ, ਹਰੀਆਂ ਸਬਜ਼ੀਆਂ) ਦਾ ਹੋਣਾ ਵੀ ਜ਼ਰੂਰੀ ਹੈ।

6. ਸਾਵਧਾਨੀਆਂ (Precautions)

· ਬਿਨਾਂ ਡਾਕਟਰੀ ਸਲਾਹ ਦੇ ਜ਼ਿਆਦਾ ਖੁਰਾਕ ਨਾ ਲਓ: ਵਿਟਾਮਿਨ ਡੀ ਚਰਬੀ ਵਿੱਚ ਘੁਲਣ ਵਾਲਾ ਵਿਟਾਮਿਨ ਹੈ। ਇਸਦੀ ਜ਼ਿਆਦਾ ਮਾਤਰਾ (Toxicity) ਸਰੀਰ ਵਿੱਚ ਕੈਲਸ਼ੀਅਮ ਵਧਾ ਦਿੰਦੀ ਹੈ, ਜਿਸ ਨਾਲ ਗੁਰਦੇ ਖਰਾਬ ਹੋਣ, ਜੀ ਮਿਚਲਾਉਣ ਅਤੇ ਦਿਲ ਦੀਆਂ ਲੈਅ ਵਿੱਚ ਗੜਬੜੀ ਹੋ ਸਕਦੀ ਹੈ।

· ਸਕ੍ਰੀਨਿੰਗ: ਜੇਕਰ ਤੁਹਾਨੂੰ ਹੱਡੀਆਂ ਵਿੱਚ ਦਰਦ, ਵਾਰ-ਵਾਰ ਇਨਫੈਕਸ਼ਨ ਜਾਂ ਡਿਪਰੈਸ਼ਨ ਹੈ, ਤਾਂ ਡਾਕਟਰ ਨੂੰ ਮਿਲ ਕੇ ਵਿਟਾਮਿਨ ਡੀ ਟੈਸਟ ਜ਼ਰੂਰ ਕਰਵਾਓ।

· ਸੰਤੁਲਿਤ ਖੁਰਾਕ: ਸਿਰਫ ਗੋਲੀਆਂ 'ਤੇ ਨਿਰਭਰ ਨਾ ਰਹੋ, ਸੰਤੁਲਿਤ ਭੋਜਨ ਅਤੇ ਨਿਯਮਤ ਧੁੱਪ ਨੂੰ ਰੁਟੀਨ ਦਾ ਹਿੱਸਾ ਬਣਾਓ।

ਇਸ ਬਿਮਾਰੀ ਦੀ ਪਛਾਣ ਅਤੇ ਇਲਾਜ ਲਈ ਆਪਣੇ ਡਾਕਟਰ ਨਾਲ ਸੰਪਰਕ ਜ਼ਰੂਰ ਕਰੋ।

# ਹੱਕਾਂ ਲਈ ਬੱਝਵੇ ਤੇ ਤਿੱਖੇ ਸ਼ੰਘਰਸ਼ ਦੀ ਲੋੜ- ਦੇਵੀ ਕੁਮਾਰੀ



## ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ 12 ਅਪ੍ਰੈਲ।

ਸਦੀਆਂ ਤੋ ਆਪਣੇ ਹੱਕਾਂ ਤੋ ਵਾਂਝੇ ਰੱਖੇ ਗਏ ਮਜ਼ਦੂਰ ਵਰਗ ਨੂੰ ਕਥਿਤ ਵਿਕਾਸ ਵਾਲੇ ਦੋਰ ਵਿੱਚ ਵੀ ਚੁੱਲੇ ਤਪਦੇ ਰੱਖਣ ਲਈ ਮੁਸ਼ਕਿਲ ਆ ਰਹੀ ਹੈ। ਇਨ੍ਹਾ ਬੇਹੱਦ ਮਾੜੀਆਂ ਪ੍ਰਸਥਿਤੀਆਂ ਚੋ ਨਿਕਲਣ ਲਈ ਬੱਝਵੇ ਤੇ ਤਿੱਖੇ ਸੰਘਰਸ਼ ਦੀ ਲੋੜ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੀ ਜਰਨਲ ਸਕੱਤਰ ਕਾਮਰੇਡ ਦੇਵੀ ਕੁਮਰੀ ਸਰਹਾਲੀ ਕਲਾ ਨੇ ਗਾਂਧੀ ਪਾਰਕ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਦੀ ਜਿਲ੍ਹਾ ਵਰਕਿੰਗ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆ ਕੀਤਾ।

ਉਨ੍ਹਾ ਕਿਹਾ ਕਿ ਆਪਣੇ ਹੱਕਾ ਲਈ ਲੜ ਰਹੀਆ ਵੱਖ-ਵੱਖ ਜਥੇਬੰਦੀਆ ਦੀ ਸਾਂਝ ਸਰਕਾਰਾ ਦੱਸਣ ਲਈ ਵਧੇਰੇ ਕਾਰਗਰ ਸਿੱਧ ਹੋ ਸਕਦੀ ਹੈ।

ਉਨ੍ਹਾਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੰਘਰਸ਼ੀ ਤੇ ਸ਼ਾਨਾਮੱਤੇ ਇਤਹਾਸ ਦੀਆਂ ਪ੍ਰਾਪਤੀਆਂ ਦੀ ਗੱਲ ਕਰਦਿਆ ਕਾਮਰੇਡ ਰੁਲਦੂ ਖਾਨ,ਕਾਮਰੇਡ ਭਾਨ ਸਿੰਘ ਭੌਰਾ ਅਤੇ ਕਾਮਰੇਡ ਸਵਰਨ ਸਿੰਘ ਨਾਗੋਕੇ ਵਰਗੇ ਨਿਸ਼ਠਾਵਾਨ ਆਗੂਆਂ ਨੂੰ ਸਤਿਕਾਰ ਨਾਲ ਯਾਦ ਕੀਤਾ। ਉਨ੍ਹਾ ਸਤੰਬਰ 2025 ਨੂੰ ਚੰਡੀਗੜ੍ਹ ਵਿੱਚ ਹੋਈ 25ਵੀਂ ਪਾਰਟੀ ਕਾਂਗਰਸ ਵਿੱਚ ਸਭਾ ਦੀ ਭੂਮਿਕਾ ਦੀ ਗੱਲ ਕਰਦਿਆ ਕਿਹਾ ਕਿ ਇਸ ਇਤਿਹਾਸਕ ਮੋਕੇ ਮਜ਼ਦੂਰ ਵਰਗ ਨੇ ਆਪਣੇ ਫਰਜਾਂ ਨੂੰ ਬਾਖੂਬੀ ਨਿਭਾਇਆ। ਉਨ੍ਹਾਂ ਕਿਹਾ ਕਿ

ਭਵਿੱਖ ਵਿੱਚ ਕੀਤੇ ਜਾਣ ਵਾਲੇ ਕਾਰਜਾਂ ਲਈ ਤਿਆਰੀ ਖਿੱਚਣ ਦਾ ਵੀ ਸੱਦਾ ਦਿੱਤਾ।

ਉਨ੍ਹਾ ਕਿਹਾ 14 ਅਪ੍ਰੈਲ ਨੂੰ ਡਾ ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਉਤਸ਼ਾਹ ਨਾਲ ਮਨਾਇਆ ਜਾਵੇਗਾ।

ਮਈ ਦਿਵਸ ਤੇ ਸ਼ਿਕਾਗੋ ਦੇ ਸ਼ਹੀਦੀ ਨੂੰ ਯਾਦ ਕੀਤਾ ਜਾਵੇਗਾ।

15 ਮਈ ਨੂੰ ਕੇਂਦਰੀ ਜਥੇਬੰਦੀਆ ਦੇ ਸੱਦੇ ਤੇ ਮਨਰੇਗਾ ਕਨੂੰਨ ਬਹਾਲ ਕਰਾਉਣ ਦੀ ਮੰਗ ਕਰਦਿਆ ਮੋਦੀ ਸਰਕਾਰ ਦੇ ਪੁਤਲੇ ਫੂਕੇ ਜਾਣਗੇ।

25 ਮਈ ਨੂੰ ਉਕਤ ਅਤੇ ਮਜ਼ਦੂਰ ਵਰਗ ਦੀਆਂ ਹੋਰ ਭਖਦੀਆ ਮੰਗਾ ਨੂੰ ਲੈ ਕੇ ਰਾਮ ਗੜ੍ਹੀਆ ਬੁੰਗਾ ਤਰਨ ਤਾਰਨ ਵਿਖੇ ਵਿਸ਼ਾਲ ਕਨਵੈਨਸ਼ਨ ਕੀਤੀ ਜਾਵੇਗੀ। ਇਸ ਨੂੰ ਕੌਮੀ ਅਤੇ ਸੂਬਾਈ ਆਗੂ ਸੰਬੋਧਨ ਕਰਨਗੇ।

ਇਸ ਦੋਰਾਨ ਪੰਜਾਬ ਖੇਤ ਮਜ਼ਦੂਰ ਸਭਾ ਦੇ ਜਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾ ਨੇ ਪਿਛਲੇ ਕੰਮਾ ਦੀ ਰਿਪੋਰਟ ਪੇਸ਼ ਕੀਤੀ।

ਜਰਨਲ ਸਕੱਤਰ ਵੱਲੋ ਪੇਸ਼ ਕੀਤੀ ਰਿਪੋਰਟ ਤੇ ਭਰਪੂਰ ਬਹਿਸ ਹੋਈ। ਕਾਮਰੇਡ ਰਸ਼ਪਾਲ ਸਿੰਘ ਘੁਰਕਵਿੰਡ ਕਾਮਰੇਡ ਲਾਲ ਸਿੰਘ ਵਲਟੋਹਾ, ਕਾਮਰੇਡ ਮੇਜਰ ਸਿੰਘ ਦਾਰਾਪੁਰ, ਕਾਮਰੇਡ ਸਵਰਨ ਸਿੰਘ ਕਿਰਤੋਵਾਲ ਕਲਾਂ,ਕਾਮਰੇਡ ਬਾਵਾ ਸਿੰਘ ਸੀਤੋ ,ਆਦਿ ਨੇ ਬਹਿਸ ਵਿਚ ਹਿੱਸਾ ਲਿਆ। ਇਸ ਮੌਕੇ

ਜਿਲ੍ਹਾ ਵਰਕਿੰਗ ਕਮੇਟੀ ਦੀ ਕਾਮਰੇਡ ਮੇਜਰ ਸਿੰਘ ਜੋਧ ਸਿੰਘ ਵਾਲਾ, ਕਾਮਰੇਡ ਕੁਲਵੰਤ ਸਿੰਘ ਖਡੂਰ ਸਾਹਿਬ,ਕਾਮਰੇਡ ਸੁੱਖਾ ਸਿੰਘ ਮੂਸੇ ,ਕਾਮਰੇਡ ਬਲਵਿੰਦਰ ਸਿੰਘ ਕੋਟ ਧਰਮ ਚੰਦ ਕਲਾ,ਕਾਮਰੇਡ ਪੱਪਾ ਮਸੀਹ ਕਾਮਰੇਡ ਜਸਪਾਲ ਸਿੰਘ ਚੂਸਲੇਵੜ , ਕਾਮਰੇਡ ਬਾਵਾ ਸਿੰਘ ,ਕਾਮਰੇਡ ਨਾਨਕੀ ਚੋਹਲਾ ਸਾਹਿਬ, ਸੁਰਜਣ ਸਿੰਘ ਸੀਤੋ,ਨੂਰਪੁਰ, ਸਤਨਾਮ ਸਿੰਘ ਸਨੀ ਮੰਨਣ,ਗੁਰਦਿੱਤ ਸਿੰਘ ਮਾਣੋ ਚਾਹਲ, ਹਰਭਜਨ ਸਿੰਘ ,ਅਮਰੀਕ ਸਿੰਘ ਬਾਕੀਪੁਰ, ਗੁਰਦੀਪ ਸਿੰਘ ਸੁਰਸਿੰਘ, ਸਤਨਾਮ ਸਿੰਘ ਸੇਰੋ,ਜਸਬੀਰ ਕੌਰ ਘੁਰਕਵਿੰਡ, ਗਗਨਦੀਪ ਸਿੰਘ ਨੂਰਪੁਰ, ਮਨਪ੍ਰੀਤ ਕੌਰ, ਦਰਸ਼ਨ ਕੋਰ ਸਰਹਾਲੀ ਕਲਾ , ਮੁਖਤਿਆਰ ਸਿੰਘ ਖਡੂਰ ਸਾਹਿਬ ,ਸੁਰਜਣ ਸਿੰਘ ਸੀਤੋ ਆਦਿ ਹਾਜ਼ਰ ਸਨ।






# ਵਿਸਾਖੀ ਤੇ ਲਗਾਇਆ 33ਵਾਂ ਮੁਫ਼ਤ ਮੈਡੀਕਲ ਕੈਂਪ




## ਨਿਊ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਵੱਲੋ ਲਗਾਏ ਗਏ ਮੁਫ਼ਤ ਮੈਡੀਕਲ ਮੌਕੇ ਸੇਵਾ ਕਰਦੇ ਹੋਏ ਡਾਕਟਰੀ ਟੀਮ। |

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ 13 ਅਪ੍ਰੈਲ

ਨਿਊ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਵੱਲੋ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ 33ਵਾਂ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ ।ਕੈਂਪ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਡਾ.ਸੁਖਬੀਰ ਸਿੰਘ ਕੱਕਾ ਕੰਡਿਆਲਾ ਸੀਨੀਅਰ ਮੀਤ ਪ੍ਰਧਾਨ ਪੰਜਾਬ ਡਾ. ਮਨਜਿੰਦਰ ਸਿੰਘ ਬਾਠ ਵਾਈਸ ਚੇਅਰਮੈਨ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਦੇਸ਼ ਵਿਦੇਸ਼ਾਂ ਤੋਂ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਵਾਸਤੇ ਆਉਂਦੀਆਂ ਹਨ ਸੰਗਤਾਂ ਦੀ ਸਿਹਤ ਸਹੂਲਤ ਨੂੰ ਮੁੱਖ ਰੱਖਦਿਆਂ ਹੋਇਆਂ ਨਿਊ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ ਨੰਬਰ 100 ਵਲੋਂ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ। ਡਿਸਪੈਂਸਰੀ ਸੱਚਖੰਡ ਵਾਸੀ ਸੰਤ ਬਾਬਾ ਸੁਲੱਖਣ ਸਿੰਘ ਜੀ ਗੁਰਦੁਆਰਾ ਲੋਹ ਲੰਗਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਦਿਲਬਾਗ ਸਿੰਘ ਜੀ ਵਲੋਂ ਉਦਘਾਟਨ ਕੀਤਾ ਗਿਆ ਕੈਂਪ ਵਿੱਚ ਲੋੜਵੰਦ ਮਰੀਜ਼ਾਂ ਦਾ ਚੈੱਕ ਅੱਪ ਕਰਕੇ ਮੁਢਲੀ ਸਿਹਤ ਸਹੂਲਤ ( ਫਸਟ ਏਡ ) ਦਿਤੀ ਗਈ । ਡਾ.ਤੇਜਿੰਦਰ ਸਿੰਘ ਢਿੱਲੋਂ ਸੂਬਾ ਪ੍ਰਧਾਨ ਦੀ ਅਗਵਾਈ ਹੇਠ ਡਾ. ਗੁਰਬਿੰਦਰ ਸਿੰਘ ਵਿਰਦੀ ਕੈਸ਼ੀਅਰ, ਡਾ. ਬਲਦੇਵ ਸਿੰਘ ਜੋਧਪੁਰ,ਡਾ. ਲਖਬੀਰ ਸਿੰਘ ਤਰਨ ਤਾਰਨ, ਡਾ.ਸਤਪਾਲ ਸਿੰਘ ਭੱਟੀ, ਡਾ. ਬਲਰਾਜ ਸਿੰਘ ਦੇਊ ਆਦਿ ਮੈਡੀਕਲ ਟੀਮ ਵੱਲੋਂ ਦਿਨ ਰਾਤ ਚੋਵੀ ਘੰਟੇ ਲੋੜਵੰਦ ਮਰੀਜ਼ਾਂ ਦਾ ਚੈੱਕ ਅੱਪ ਕਰਕੇ ਮੁੱਢਲੀ ਸਿਹਤ ਸਹੂਲਤ ਮੁਫ਼ਤ ਦਿੱਤੀ ਜਾਵੇਗੀ ।

# ਖੰਡ ਮਿੱਲ ਸ਼ੇਰੋ ਦੀ ਮਾਲਕੀ ਬਦਲਣ ਵਿਰੁੱਧ ਮੁੰਡਾਪਿੰਡ ਨਿਵਾਸੀਆਂ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ: ਸੰਯੁਕਤ ਕਿਸਾਨ ਮੋਰਚਾ



## ਪੱਕੇ ਮੋਰਚੇ ਵਿੱਚ ਸੰਯੁਕਤ ਕਿਸਾਨ ਮੋਰਚਾ ਦਾ ਡੱਟ ਕੇ ਦਿੱਤਾ ਜਾਵੇਗਾ ਸਾਥ :ਪਿੰਡ ਨਿਵਾਸੀ |

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ 13-ਅਪ੍ਰੈਲ

ਸੰਯੁਕਤ ਕਿਸਾਨ ਮੋਰਚਾ ਜਿਲਾ ਤਰਨ ਤਾਰਨ ਵਿੱਚ ਕੰਮ ਕਰਦੀਆਂ ਵੱਖ-ਵੱਖ ਸਾਂਝੇਬੰਦੀਆਂ ਵੱਲੋਂ ਸਹਿਕਾਰੀ ਖੰਡ ਮਿੱਲ ਸ਼ੇਰੋਂ ਦੀ ਮਾਲਕੀ ਬਦਲ ਵਿਰੁੱਧ ਅਤੇ ਜਬਰੀ ਹੋ ਰਹੀ ਉਸਾਰੀ ਦਾ ਵਿਰੋਧ ਕਰਨ ਲਈ ਵੱਖ ਵੱਖ ਪਿੰਡਾਂ ਵਿੱਚ ਚੇਤਨਾ ਮਹਿੰਮ ਅਤੇ ਮਾਰਚ ਕੱਢਿਆ ਗਿਆ। ਇਸੇ ਕੜੀ ਵਿੱਚ ਅੱਜ ਢਾਏ ਵਾਲੇ ਪਿੰਡ ਮੁੰਡਾ ਪਿੰਡ ਵਿੱਚ ਕਿਸਾਨ ਆਗੂਆਂ ਵੱਲੋਂ ਪਿੰਡ ਵਿੱਚ ਇੱਕ ਵੱਡੀ ਇਕੱਤਰਤਾ ਕੀਤੀ ਗਈ

। ਇਸ ਮੀਟਿੰਗ ਦੀ ਪ੍ਰਧਾਨਗੀ ਦਾਰਾ ਸਿੰਘ ਮੁੰਡਾ ਪਿੰਡ ਨੇ ਕੀਤੀ। ਇਸ ਮੌਕੇ ਬੋਲਦਿਆਂ ਹੋਇਆਂ ਹਰਜਿੰਦਰ ਸਿੰਘ ਟਾਂਡਾ ਸੂਬਾਈ ਪ੍ਰਧਾਨ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ, ਤਰਸੇਮ ਸਿੰਘ ਲੁਹਾਰ ਜ਼ਿਲ੍ਹਾ ਪ੍ਰਧਾਨ ਕੌਮੀ ਕਿਸਾਨ ਯੂਨੀਅਨ, ਮਨਜੀਤ ਸਿੰਘ ਬੱਗੂ ਜਿਲਾ ਪ੍ਰਧਾਨ ਜਮਹੂਰੀ ਕਿਸਾਨ ਸਭਾ,ਸੁਖਬਾਜ ਸਿੰਘ ਸਿੱਧੂ , ਫਤਿਹ ਸਿੰਘ ਬੀਕੇਯੂ ਕਾਦੀਆਂ ,ਮਾਸਟਰ ਸ਼ਮਸ਼ੇਰ ਸਿੰਘ ਗੁਰ ਸ਼ਰਨ ਸਿੰਘ ਜਾਮਾਰਾਏ ,ਜਸਵੰਤ ਸਿੰਘ ਲਵਲੀ, ਸੁਖਦੇਵ ਸਿੰਘ ਤੁੜ ,ਸੁਖਵਿੰਦਰ ਸਿੰਘ ਜੌਹਲ ਆਦਿ ਬੁਲਾਰਿਆਂ ਨੇ ਪੰਜਾਬ ਸਰਕਾਰ ਦੇ ਜਬਰੀ ਮਿਲ ਦੀ ਮਾਲਕੀ ਬਦਲਣ ਦੇ ਤੁਗਲਕੀ ਫਰਮਾਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ।ਉਹਨਾਂ ਕਿਹਾ ਇੱਕ ਤਰਫ ਸਰਕਾਰ ਇਹ ਕਹਿ ਰਹੀ ਹੈ ਕਿ ਕਿਸਾਨਾਂ ਨੂੰ ਬਦਲਵੀ ਖੇਤੀ ਮਾਡਲ ਨੂੰ ਅਪਣਾਉਣਾ ਚਾਹੀਦਾ ਪਰ ਦੂਜੇ ਪਾਸੇ ਆਪ ਹੀ ਸੂਗਰ ਮਿਲ ਬੰਦ ਕਰਕੇ ਬਦਲਵੀ ਖੇਤੀ ਦਾ ਬਦਲ ਗੰਨਾ ਬੀਜਣ ਤੋਂ ਰੋਕਿਆ ਜਾ ਰਿਹਾ ।ਇਥੇ ਹੀ ਬਸ ਨਹੀਂ ਸੰਘਰਸ਼ੀਲ ਕਿਸਾਨਾਂ ਨੂੰ ਜਬਰੀ ਉਸਾਰੀ ਵਾਲੀ ਥਾਂ ਤੋਂ ਚੁੱਕ ਕੇ ਜੇਲਾਂ ਵਿੱਚ ਬੰਦ ਕਰ ਦਿੱਤਾ ਗਿਆ ਸੀ ਜੋ ਕਿ ਜਥੇਬੰਦਕ ਦਬਾਅ ਕਾਰਨ ਰਿਹਾ ਹੋਏ ਹਨ। ਆਉਣ ਵਾਲੇ ਦਿਨਾਂ ਵਿੱਚ ਮੁੜ ਤੋਂ ਪੱਕਾ ਮੋਰਚਾ ਲਗਾਇਆ ਜਾਵੇਗਾ ਅਤੇ ਸਰਕਾਰ ਨੂੰ ਸਹਿਕਾਰੀ ਖੰਡ ਮਿੱਲ ਸ਼ੇਰੋ ਮੁੜ ਤੋਂ ਚਾਲੂ ਕਰਨ ਲਈ ਮਜਬੂਰ ਕੀਤਾ ਜਾਏਗਾ। ਇੱਥੇ ਹੀ ਬੱਸ ਨਹੀਂ ਪ੍ਰਸ਼ਾਸਨ ਵੱਲੋਂ ਮਿੱਲ ਵਾਲੀ ਜਗਹਾ ਤੇ ਜੋ ਗਦਾਮ ਦੀ ਤਜਵੀਜ ਹੈ ਉਸ ਦੇ ਸਿੱਟੇ ਵਜੋਂ ਜਿਹੜੀ ਸੁਸਰੀ ਪੈਦਾ ਹੋਏਗੀ ਉਹ ਗੁਦਾਮਾਂ ਦੇ ਇਰਦ ਗਿਰਦ ਲੋਕਾਂ ਦੀ ਜਿੰਦਗੀ ਬੇਹਾਲ ਕਰ ਦੇਵੇਗੀ ।ਸਰਕਾਰ ਨੇ ਇਸ ਸਬੰਧੀ ਕੋਈ ਵੀ ਵਾਤਾਵਰਨ ਜਾਂ ਸਿਹਤ ਪੱਖੀ ਕੋਈ ਸਰਵੇਖਣ ਕਰਨਾ ਜਰੂਰੀ ਨਹੀਂ ਸਮਝਿਆ ।ਅੱਜ ਦੀ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪਿੰਡ ਵਾਸੀਆਂ ਦਾਰਾ ਸਿੰਘ ਮੁੰਡਾ ਪਿੰਡ ,ਕੁਲਦੀਪ ਸਿੰਘ ,ਅਮਰੀਕ ਸਿੰਘ, ਧਰਮ ਸਿੰਘ, ਸੁਰਜੀਤ ਸਿੰਘ ਗੁੱਜਰਪੁਰਾ ,ਚੈਂਚਲ ਸਿੰਘ, ਅਮਰੀਕ ਸਿੰਘ ਸੀਨੀਅਰ, ਜਸਵੰਤ ਸਿੰਘ, ਗੁਰਦੀਪ ਸਿੰਘ ਮੁੰਡਾ ਪਿੰਡ ਜਗੀਰ ਸਿੰਘ ਦਰਸ਼ਨ ਸਿੰਘ ਗੁੱਜਰਪੁਰਾ ਆਦਿ ਕਿਸਾਨਾਂ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ।ਅਖੀਰ ਵਿੱਚ ਕਿਸਾਨਾਂ ਵੱਲੋਂ ਪੰਜਾਬ ਸਰਕਾਰ ਵਿਰੁੱਧ ਜਬਰਦਸਤ ਨਾਅਰੇਬਾਜ਼ੀ ਕਰਦਿਆਂ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ।

